ISSN 0972-2335

# ਅੰਮ੍ਰਿਤ ਕੀਰਤਨ

ਜੂਨ 2022


## ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ



ਹਰਿ ਕਾ ਨਾਮ ਰਿਦੈ ਨਿਤ ਧਿਆਈ
ਸੰਗੀ ਸਾਥੀ ਸਗਲ ਤਰਾਂਈ ॥੧ ॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥ ਰਹਾਉ॥
ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਆਪ ਗਵਾਈਐ ਤਾਂ ਸ਼ਹੁ ਪਾਈਐ

ਕੱਢ ਜਿਗਰਾ ਮੈਂ ਲਈ ਹਾਂ ਬੈਠੀ,
ਸੁਹਣੇ ਦੀ ਭੇਂਟ ਚੜ੍ਹਾਵਣ ਨੂੰ ।

ਹਿਜਰ ਦਾ ਲੂਣ ਬ੍ਰਿਹੋਂ ਦੀਆਂ ਮਿਰਚਾਂ ,
ਸਿੱਕ ਦੀ ਅਗਨ ਜਲਾਵਣ ਨੂੰ ।

ਮਗ਼ਜ਼ ਦੀ ਚਰਬੀ ਨਾਲ ਹੱਥਾਂ ਦੇ,
ਵਿਚ ਪਾ ਖੋਪੜੀ ਭੁੱਨਾਂ ।

ਹਾੜੇ ਕਰਾਂ ਸੰਤੋਖ ਸਬਰ ਦੇ,
ਕਿਤੇ ਰੀਝੇ ਚੱਲੀਆਂ ਰਿਝਾਵਨ ਨੂੰ ।

## EFFACE THYSELF TO MEET THE GROOM

I sit with my heart on my palm,
to make an offering to the Lord.

Distance from Him is salt and chillies
spread on open wounds of love,
fire for union is going to start.

With my hands I take out marrow,
and parch it in my heated skull
to propitiate the Benign Lord.

Kneeling humbly in supplication,
though an erring child, Santokh,
yet seeks Thy Gratification, O Lord !

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਆਪ ਗਵਾਈਐ ਤਾਂ ਸ਼ਹੁ ਪਾਈਐ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਗੁਲਿਸਤਾਂ-ਬੋਸਤਾਂ 2

ਗੁਰੂ ਅਰਜਨ ਦੇਵ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ
ਡਾ. ਗੁਰਨਾਮ ਸਿੰਘ 4

ਸਿੱਖ ਧਰਮ ਵਿੱਚ ਸਿਰਪਾਓ ਦੀ ਮਰਯਾਦਾ, ਮਹੱਤਵ ਅਤੇ
ਪਿਛੋਕੜ - ਬੀਰ ਦਵਿੰਦਰ ਸਿੰਘ 7

ਗੁਰਮਤਿ ਸੰਗੀਤ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ
ਅਜੈਪਾਲ ਸਿੰਘ ਚਵਿੰਡਾ 10

**संगीत कला में सौन्दर्यारसानुभूति**
कोमल रानी 13

ਸੁਰਲਿਪੀ ਰਾਗ ਵਿਮਲ ਭੈਰਵ 20

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) ਟਾ-3-4



Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਗੁਲਿਸਤਾਂ-ਬੋਸਤਾਂ

ਭਾਸ਼ਾ ਵਿਭਾਗ ਦੇ ਮਹਾਨ ਕਾਰਜਾਂ ਵਿੱਚੋਂ ਇੱਕ ਕਾਰਜ ਇਹ ਵੀ ਹੈ ਇਸ ਨੇ ਸੰਸਾਰ ਦੇ ਸਰਵੋਤਮ ਸਾਹਿਤ ਦਾ ਪੰਜਾਬੀ ਵਿੱਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕੀਤਾ ਹੈ।ਅਜ ਕਲ ਸ਼ੇਖ ਸਾਅਦੀ ਦੀਆਂ ਮਹਾਨ ਰਚਨਾਵਾਂ ਗੁਲਿਸਤਾਂ ਅਤੇ ਬੋਸਤਾਂ ਦਾ ਪਾਠ ਕਰ ਰਿਹਾ ਹਾਂ।ਭਾਸ਼ਾ ਵਿਭਾਗ ਨੇ ਇਹਨਾਂ ਨੂੰ ਇੱਕ ਹੀ ਜਿਲਦ ਵਿੱਚ ਪ੍ਰਕਾਸ਼ਿਤ ਕੀਤਾ ਹੈ।ਇਹ ਅਨੁਵਾਦ ਪ੍ਰੋਫੈਸਰ ਜਨਕ ਸਿੰਘ ਜੀ ਨੇ ਕੀਤਾ ਅਤੇ ਸੋਧਿਆ ਪ੍ਰੋਫੈਸਰ ਦੀਵਾਨ ਸਿੰਘ ਜੀ ਨੇ ਹੈ।

ਪ੍ਰੋਫੈਸਰ ਜਨਕ ਸਿੰਘ ਜੀ ਦਾ ਨਾਂ ਪੜ੍ਹਦਿਆਂ ਮੈਨੂੰ ਉਹ ਦਿਨ ਯਾਦ ਆ ਗਏ ਜਦੋਂ 1967-68 ਵਿੱਚ ਮੈਂ ਗੁਰਦੁਆਰਾ ਦੂਖਨਿਵਾਰਨ ਸਾਹਿਬ ਪਟਿਆਲਾ ਵਿੱਚ ਭਾਈ ਬਖਸ਼ੀਸ਼ ਸਿੰਘ ਹੋਰਾਂ ਨਾਲ ਕੀਰਤਨ ਦੀ ਡੀਊਟੀ ਕਰਦਾ ਸਾਂ।ਉਦੋਂ ਗੁਰਦੁਆਰਾ ਸਾਹਿਬ ਦੀ ਸਰਾਂ ਦੇ ਕਮਰਿਆਂ ਵਿੱਚ ਖਾਲਸਾ ਕਾਲਜ ਦੀਆਂ ਕਲਾਸਾਂ ਲਗਦੀਆਂ ਸਨ। ਮੇਰੇ ਮਿੱਤਰ ਡਾਕਟਰ ਗੁਰਮੁਖ ਸਿੰਘ (ਭਾਸ਼ਾ ਵਿਭਾਗ ਵਾਲੇ) ਐਮ ਏ ਪੰਜਾਬੀ ਦੇ ਪਹਿਲੇ ਸਾਲ ਵਿੱਚ ਦਾਖਲ ਸਨ।ਖਾਲਸਾ ਕਾਲਜ ਨੂੰ ਜਾਣ ਵਾਲੇ ਵਿਦਿਆਰਥੀ ਅਤੇ ਪ੍ਰੋਫੈਸਰ ਮੇਰੇ ਕੁਆਟਰ ਦੇ ਅੱਗੋਂ ਲੰਘਦੇ ਸਨ।ਉਦੋਂ ਪ੍ਰੋਫੈਸਰ ਜਨਕ ਸਿੰਘ ਹੋਰਾਂ ਦੇ ਨਾਲ ਨਾਲ ਸੰਤ ਸਿੰਘ ਸੇਖੋਂ, ਪ੍ਰੋਫੈਸਰ ਮੋਹਨ ਸਿੰਘ, ਡਾਕਟਰ ਗੁਰਚਰਨ ਸਿੰਘ ਆਦਿ ਦੇ ਦਰਸ਼ਨ ਕੀਤੇ ਸਨ।ਕਦੀ ਕਦੀ ਗੁਰਮੁਖ ਸਿੰਘ ਹੋਰਾਂ ਨਾਲ ਮੈਂ ਵੀ ਕਲਾਸ ਵਿੱਚ ਚਲਾ ਜਾਂਦਾ ਸਾਂ।

ਪ੍ਰੋਫੈਸਰ ਦੀਵਾਨ ਸਿੰਘ ਜੀ ਮੇਰੇ ਪੀਐਚ ਡੀ ਥੀਸਿਸ ਦੇ ਐਗਜ਼ਾਮੀਨਰ ਸਨ। ਉਹਨਾਂ ਨੇ 1980 ਵਿੱਚ ਮੇਰਾ ਵਾਈਵਾ ਲਿਆ ਸੀ।ਉਹਨਾਂ ਨੇ ਆਪਣੇ ਸੁਭਾਅ ਅਨੁਸਾਰ ਮੈਨੂੰ ਕਾਫੀ ਉਤਸ਼ਾਹਿਤ ਕੀਤਾ ਸੀ।ਇਸ ਤਰ੍ਹਾਂ ਮੇਰੇ ਮਨ ਵਿੱਚ ਇਸ ਪੁਸਤਕ ਨੂੰ ਪੜ੍ਹਨ ਦੀ ਰੁਚੀ ਜਾਗ ਪਈ।

ਗੁਲਿਸਤਾਂ-ਬੋਸਤਾਂ ਦੇ ਮੁੱਖ ਬੰਦ ਵਿੱਚ ਲਿਖਿਆ ਹੈ-ਸੰਸਾਰ ਵਿੱਚ ਅਮਰ ਸਾਹਿਤ ਘੱਟ ਪੈਦਾ ਹੁੰਦਾ ਹੈ। ਅਮਰ ਸਾਹਿਤ ਉਹ ਸਾਹਿਤ ਹੈ, ਜਿਸ ਦਾ ਵਿਸ਼ਾ ਚਿਰ-ਸਥਾਈ ਹੋਵੇ। ਚਿਰ-ਸਥਾਈ ਵਿਸ਼ਾ ਉਹ ਹੈ, ਜੋ ਪਾਠਕਾਂ ਅਤੇ ਸਰੋਤਿਆਂ ਦੇ ਜੀਵਨ ਨੂੰ ਸਾਵਾਂ ਪੱਧਰਾ ਬਣਾਉਂਦਾ ਰਹੇ ਅਤੇ ਇਸ ਦਾ ਰੂਪ ਵੀ ਢੁਕਵਾਂ ਅਤੇ ਵਿਸ਼ੇ ਅਨੁਕੂਲ ਹੋਵੇ। ਅਜਿਹੇ ਸਾਹਿਤ ਦੇ ਰਚਤਾ ਸ਼ੇਖ ਸਾਅਦੀ ਸਨ, ਜਿਨ੍ਹਾਂ ਦੀਆਂ ਪੁਸਤਕਾਂ 'ਗੁਲਿਸਤਾਂ' ਅਤੇ 'ਬੋਸਤਾਂ' ਸੱਤ ਸੌ ਸਾਲਾਂ ਤੋਂ,ਸੰਸਾਰ ਦੇ ਹਰ ਦੇਸ਼ ਦੇ ਫਾਰਸੀ ਪਾਠਕਾਂ ਦੇ ਦਿਮਾਗਾਂ ਨੂੰ ਆਪਣੀ ਸੁਗੰਧੀ ਨਾਲ ਤਰੋ ਤਾਜ਼ਾ ਕਰ ਰਹੀਆਂ ਹਨ। ਕੁਝ ਲੋਕ ਆਪ ਦੀ ਰਚਿਤ ਪੁਸਤਕ 'ਕਰੀਮਾ' ਦਾ ਤਾਂ ਜਪੁਜੀ ਸਾਹਿਬ ਦੀ ਤਰ੍ਹਾਂ ਅੰਮ੍ਰਿਤ ਵੇਲੇ ਨਿੱਤ ਪਾਠ ਕਰਦੇ ਹਨ।

ਇਹਨਾਂ ਪੁਸਤਕਾਂ ਦਾ ਹਰ ਪੰਨਾ ਵਿਚਾਰਾਂ ਅਤੇ ਘਟਨਾਵਾਂ ਸਬੰਧੀ ਬਹੁਤ ਸੰਘਣੇ ਰੂਪ ਵਿੱਚ ਰਚਿਆ ਗਿਆ ਹੈ।ਇਹਨਾਂ ਦੀ ਵਿਆਖਿਆ ਕਰਦਿਆਂ ਤਾਂ ਕਈ ਪੁਸਤਕਾਂ ਰਚੀਆਂ ਜਾ ਸਕਦੀਆਂ ਹਨ।ਸ਼ਾਇਦ ਰਚੀਆਂ ਵੀ ਗਈਆਂ ਹਨ। ਮੈਂ ਇਸ ਵਿੱਚ ਦਿੱਤੀਆਂ ਸੰਗੀਤਕਾਰਾਂ ਨਾਲ ਸਬੰਧਤ ਕੁਝ ਕਹਾਣੀਆਂ ਸਬੰਧੀ ਗੱਲ ਕਰਨ ਦਾ ਮਨ ਬਣਾਇਆ ਹੈ।

ਸ਼ੇਖ ਸਾਅਦੀ ਜੀ ਨੇ ਘਟੀਆ ਗਾਇਕਾਂ ਬਾਰੇ ਵਿਸ਼ੇਸ਼ ਟਿਪਣੀਆਂ ਕੀਤੀਆਂ ਹਨ–

ਇੱਕ ਮਜਲਸ ਵਿੱਚ ਮੈਂ ਇੱਕ ਗਾਇਕ ਵੇਖਿਆ।–––ਜਿਸ ਦੀ ਮਿਜਰਾਬ ਸ਼ਾਹ ਰਗ ਨੂੰ ਛਿਲਦੀ ਸੀ–ਉਸ ਦੀ ਆਵਾਜ਼ ਬਹੁਤ ਭੈੜੀ ਸੀ,ਇਕੱਠ ਵਿੱਚ ਬਹਿਣ ਵਾਲਿਆਂ ਦੀਆਂ ਉਂਗਲਾਂ ਉਸ ਦੀ ਭੈੜੀ ਆਵਾਜ਼ ਕਰਕੇ ਕਦੇ ਕੰਨਾਂ ਵਿੱਚ ਅਤੇ ਕਦੇ ਹੋਠਾਂ ਉੱਤੇ ਰਹਿੰਦੀਆਂ ਸਨ ਕਿ ਚੁਪ ਹੋ ਜਾਓ।

ਸ਼ਿਅਰ–ਅਸੀਂ ਗੀਤਾਂ ਦੀ ਮਿਠਾਸ ਦੇ ਕਾਰਣ ਉਨ੍ਹਾਂ ਨੂੰ ਸੁਣਨ ਲਈ ਤਿਆਰ ਹੋ ਜਾਂਦੇ ਹਾਂ ਪਰ ਤੂੰ ਅਜਿਹਾ ਗਵਈਆਂ ਹੈਂ ਕਿ ਜਦ ਤੂੰ ਚੁੱਪ ਹੋ ਜਾਵੇਂ ਤਾਂ ਚੰਗਾ ਹੈ।

ਬੈਂਤ –ਰਾਗ ਵਿੱਚ ਕੋਈ ਪੁਰਸ਼ ਪ੍ਰਸੰਨਤਾ ਪ੍ਰਾਪਤ ਨਹੀਂ ਕਰਦਾ ਸਿਵਾਏ ਤੇਰੇ ਜਾਣ ਵੇਲੇ ਜਦ ਤੂੰ ਚੁਪ ਹੋ ਜਾਵੇਂ।

(ਇਸ ਕਥਨ ਤੋਂ ਮੈਨੂੰ ਇੱਕ ਘਟਨਾ ਯਾਦ ਆ ਗਈ। ਇੱਕ ਵਾਰ ਮੈਂ ਪ੍ਰੋਫੈਸਰ ਨਿਰਮਲ ਸਿੰਘ ਰਾਗੀ ਚੰਡੀਗੜ੍ਹ ਵਾਲਿਆਂ ਨੂੰ ਕਿਸੇ ਰਾਗੀ ਦੇ ਕੀਰਤਨ ਬਾਰੇ ਪੁਛਿਆ ਤਾਂ ਕਹਿਣ ਲੱਗੇ– ਹਾਂ ਉਹ ਭਾਈ ਸਾਹਿਬ ਚੰਗਾ ਕੀਰਤਨ ਕਰਦੇ ਹਨ। ਪਰ ਜਦੋਂ ਉਹ ਕੀਰਤਨ ਦੀ ਸਮਾਪਤੀ ਕਰਦਿਆਂ–ਸਲੋਕ 'ਪਵਣੁ ਗੁਰੂ ਪਾਣੀ ਪਿਤਾ' ਪੜ੍ਹਦੇ ਹਨ ਤਾਂ ਬਹੁਤ ਚੰਗੇ ਲਗਦੇ ਹਨ।––– ਮੈਂ ਸਮਝ ਗਿਆ ਕਿ ਉਹ ਕੀ ਕਹਿਣਾ ਚਾਹੁੰਦੇ ਹਨ।)

ਸਵੇਰ ਵੇਲੇ ਰਾਗ ਸੁਣਨ ਤੋਂ ਛੁਟਕਾਰੇ ਦੇ ਸ਼ੁਕਰਾਨੇ ਵਜੋਂ ਮੈਂ ਆਪਣੇ ਸਿਰ ਤੋਂ ਪੱਗ ਅਤੇ ਪੇਟੀ ਤੋਂ ਇੱਕ ਮੁਹਰ ਕੱਢੀ ਤੇ ਗਾਇਕ ਦੇ ਅੱਗੇ ਰੱਖ ਦਿੱਤੀ। ––ਮੇਰੇ ਮਿੱਤਰ ਮੇਰੀ ਇਸ ਬੇਵਕੂਫੀ ਉੱਤੇ ਹੱਸਣ ਲੱਗੇ।

ਮੈਂ ਉਹਨਾਂ ਨੂੰ ਦੱਸਿਆ ਕਿ ਸਿਆਣਿਆਂ ਨੇ ਮੈਨੂੰ ਕਈ ਵਾਰ ਉਪਦੇਸ਼ ਦਿੱਤਾ ਪਰ ਉਹ ਮੈਨੂੰ ਕਵਾਲੀ ਸੁਣਨ ਤੋਂ ਰੋਕ ਨਾ ਸੱਕੇ। ਪਰ ਇਸ ਗਾਇਕ ਨੇ ਅੱਗੋਂ ਤੋਂ ਮੈਨੂੰ ਕਵਾਲੀ ਸੁਣਨ ਤੋਂ ਰੋਕ ਦਿੱਤਾ ਹੈ ਮੈਂ ਅੱਗੋਂ ਕਵਾਲੀ ਦੇ ਨੇੜੇ ਨਹੀਂ ਜਾਵਾਂਗਾ ਅਤੇ ਗਾਇਕਾਂ ਨਾਲ ਮੇਲ ਜੋਲ ਨਹੀਂ ਰੱਖਾਂਗਾ।

ਕਿਤਾ–ਹਲਕ,ਮੂੰਹ ਅਤੇ ਮਿੱਠੇ ਹੋਠਾਂ ਤੋਂ ਨਿਕਲਿਆ ਹੋਇਆ ਸੁਰ ਭਾਵੇਂ ਗਾਇਆ ਜਾਏ ਜਾਂ ਨਾ, ਦਿਲ ਨੂੰ ਮਸਤ ਕਰ ਦੇਂਦਾ ਹੈ। ਜੇਕਰ ਉਸਾਕ, ਨਿਹਾਵੰਦ ਅਤੇ ਹਜਾਜ਼ ਦੇ ਸੁਰ ਗਾਏ ਜਾਣ,

ਭੈੜੇ ਗਾਇਕ ਦੇ ਗਲੇ ਤੋਂ ਸੋਭਦੇ ਨਹੀਂ।––––

ਇਹਨਾਂ ਪੁਸਤਕਾਂ ਵਿੱਚ ਅਜਿਹੀਆਂ ਹੋਰ ਵੀ ਘਟਨਾਵਾਂ ਹਨ ਜਿਹਨਾਂ ਤੋਂ ਅਸੀਂ ਪ੍ਰੇਰਨਾ ਲੈ ਸਕਦੇ ਹਾਂ ਕਿ ਕੀਰਤਨ ਸਮੇਂ ਸਾਨੂੰ ਗੁਰਬਾਣੀ ਦੀ ਸ਼ੁੱਧਤਾ ਦੇ ਨਾਲ ਨਾਲ ਸੁਰ ਦੀ ਸ਼ੁਧਤਾ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਭੁੱਲ ਚੁੱਕ ਖਿਮਾ



# ਗੁਰੂ ਅਰਜਨ ਦੇਵ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

**ਡਾ.ਗੁਰਨਾਮ ਸਿੰਘ**

ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਤਮਕ ਸੰਗੀਤਕ ਸੰਕਲਨ ਦੁਆਰਾ ਗੁਰਮਤਿ ਸੰਗੀਤ ਨੂੰ ਬੁਨਿਆਦੀ ਸਿਧਾਂਤਕ ਅਧਾਰ ਪ੍ਰਦਾਨ ਕੀਤਾ, ਉੱਥੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਦੁਆਰਾ ਇਸ ਮੌਲਿਕ ਸੰਗੀਤ ਪਰੰਪਰਾ ਨੂੰ ਨਿਰੰਤਰ ਵਿਵਹਾਰਕ ਕਾਰਜਸ਼ੀਲਤਾ ਬਖਸ਼ੀ। ਇਹੀ ਕਾਰਨ ਹੈ ਕਿ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਵਿਵਿਧ ਪੱਖੀ ਅਤੇ ਵਿਸ਼ਿਸ਼ਟ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖੀ ਦੇ ਪੂਰਵਲੇ ਗੁਰੂ ਸਾਹਿਬਾਨ ਦੁਆਰਾ ਸਿਰਜਤ ਤੇ ਵਿਕਸਤ ਅਖੁੱਟ ਖਜ਼ਾਨੇ ਵਿਚੋਂ ਗੁਰਮਤਿ ਸੰਗੀਤ ਦੀ ਅਗੰਮੀ ਮਰਿਆਦਤ ਦਾਤ, ਸ਼ਬਦ ਕੀਰਤਨ ਪਰੰਪਰਾ ਦੇ ਰੂਪ ਵਿਚ ਪ੍ਰਾਪਤ ਹੋਈ। ਇਸ ਪਰੰਪਰਾ ਦੇ ਵਿਭਿੰਨ ਸਿਧਾਂਤਕ ਤੇ ਵਿਵਹਾਰਕ ਅਧਾਰ ਨੂੰ ਆਪ ਜੀ ਨੇ ਮਾਨਵੀ ਅਧਿਆਤਮ ਚਿੰਤਨ ਪਰੰਪਰਾਵਾਂ ਦਾ ਸਦੈਵ ਕਾਰਜਸ਼ੀਲਤਾ ਹਿੱਸਾ ਬਣਾਉਣ ਲਈ ਮਹੱਤਵਪੂਰਨ ਯੋਗਦਾਨ ਪਾਇਆ।

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਕ ਸੰਗੀਤਕ ਸੰਕਲਨ ਬੁਨਿਆਦੀ ਅਤੇ ਅਹਿਮ ਪਹਿਲੂ ਹੈ। 1604 ਈਸਵੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਸਮਕਾਲੀਨ ਤੇ ਪੂਰਵ ਕਾਲੀਨ ਸੰਤਾਂ ਭਗਤਾਂ ਦੀ ਬਾਣੀ ਸਹਿਤ ਰਬਾਬੀਆਂ, ਭੱਟਾਂ, ਗੁਰੂ ਸੰਬੰਧੀਆਂ ਦੀ ਬਾਣੀ ਨੂੰ ਵਿਸ਼ੇਸ਼ ਸੰਕਲਨ ਜੁਗਤ ਦੁਆਰਾ ਸੰਕਲਿਤ ਕੀਤਾ। ਇਸ ਸੰਕਲਨ ਜੁਗਤ ਦੀ ਵਿਵਹਾਰਕਤਾ ਇਸ ਦੇ ਸੰਗੀਤਕ ਰੂਪ ਵਿਚੋਂ ਉਜਾਗਰ ਹੁੰਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਤੋਂ ਪ੍ਰਤੱਖ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵੱਖ-ਵੱਖ ਕੀਰਤਨ ਗਾਇਨ ਸ਼ੈਲੀਆਂ ਵਜੋਂ ਬਾਣੀ ਰੂਪ, ਵਿਭਿੰਨ ਸੰਗੀਤਕ ਸਿਰਲੇਖ, ਸੰਕੇਤ ਅਤੇ ਬਾਣੀ ਦੇ ਫੁਰਮਾਨ ਇਸ ਸੰਗੀਤ ਪਰੰਪਰਾ ਦੀ ਵਿਵਹਾਰਕਤਾ ਉਜਾਗਰ ਕਰ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਬਾਣੀ ਦਾ ਸਰੂਪ ਅਤੇ ਸੌਂਦਰਯ ਪ੍ਰਮੁੱਖ ਰੂਪ ਵਿਚ ਉਜਾਗਰ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਗਿਆਨ ਦੇ ਸੰਦਰਭ ਵਿਚ ਅਧਿਐਨ ਕਰੀਏ ਤਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਸ ਸੰਗੀਤ ਵਿਗਿਆਨ ਦੇ ਤੱਥਾਂ ਦਾ ਵਿਸਥਾਰ ਇਉਂ ਦ੍ਰਿਸ਼ਟੀਗੋਚਰ ਹੁੰਦਾ ਹੈ, ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਹਿਤ ਰਾਗ ਵਿਸ਼ੇਸ਼ ਪ੍ਰਯੋਗ ਕਰਦਿਆਂ ਇਨ੍ਹਾਂ ਰਾਗਾਂ ਦੇ ਮਹੱਤਵ ਨੂੰ ਗੁਰਮਤਿ ਦ੍ਰਿਸ਼ਟੀਕੋਣ ਤੋਂ ਪ੍ਰਕਾਸ਼ਮਾਨ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੁੱਲ 44 ਰਾਗਾਂ ਵਿਚ ਬਾਣੀ ਉਚਾਰੀ ਜਿਨ੍ਹਾਂ ਦੀ ਗਿਣਤੀ ਇਸ ਪ੍ਰਕਾਰ

ਹੈ : ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਗੂਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ। ਗੁਰੂ ਅਰਜਨ ਦੇਵ ਜੀ ਦੇ ਰਾਗਾਂ ਵਿਚੋਂ 30 ਮੁੱਖ ਰਾਗ, 14 ਰਾਗ ਪ੍ਰਕਾਰ ਅਤੇ ਕਈ ਦੇਸੀ ਤੇ ਸਨਾਤਨੀ ਰਾਗ ਵੀ ਪ੍ਰਯੋਗ ਕੀਤੇ। ਇਹ ਪ੍ਰਯੋਗ ਵਿਸ਼ੇਸ਼ ਮੌਲਿਕਤਾ ਦਾ ਧਾਰਣੀ ਹੈ।

ਰਾਗ ਦੇ ਅਮੂਰਤ ਸਰੂਪ ਨੂੰ ਗੁਰਮਤਿ ਅਨੁਸਾਰ 'ਧਿਆਨ' ਰੂਪ ਵਿਚ ਵਰਣਿਤ ਕਰਕੇ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਸੰਗੀਤ ਦੀ ਰਾਗ ਧਿਆਨ ਪਰੰਪਰਾ ਨੂੰ ਨਵੀਨ ਦਿਸ਼ਾ ਦਿੱਤੀ। ਗੁਰੂ ਅਰਜਨ ਬਾਣੀ ਵਿਚ ਵੱਖ-ਵੱਖ ਬਾਣੀ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਨੂੰ ਸਨਾਤਨੀ ਅਤੇ ਦੇਸੀ ਕਾਵਿ ਵਿਵਿਧਤਾ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਇਹ ਸਨਾਤਨੀ ਅਤੇ ਦੇਸੀ ਕਾਵਿ ਸ਼ਬਦ ਕੀਰਤਨ ਗਾਇਨ ਵਜੋਂ ਗੁਰਮਤਿ ਸੰਗੀਤ ਦੀਆਂ ਸ਼ਾਸਤਰੀ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਾਸਤੇ ਅਸ਼ਟਪਦੀ, ਪਦੇ, ਪੜਤਾਲ ਆਦਿ ਸਨਾਤਨੀ ਬਾਣੀ ਰੂਪ/ਗਾਇਨ ਰੂਪ ਅਤੇ ਵਾਰਾਂ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਲੋਕ ਬਾਣੀ ਰੂਪ/ਗਾਇਨ ਰੂਪ ਪ੍ਰਯੋਗ ਕੀਤੇ ਹਨ।

ਉਕਤ ਬਾਣੀ ਰੂਪਾਂ ਵਿਚੋਂ ਪੜਤਾਲ ਸ਼ਾਸਤਰੀ ਅੰਗ ਦੀ ਨਿਵੇਕਲੀ ਗਾਇਨ ਸ਼ੈਲੀ ਹੈ ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਪ੍ਰਗਟ ਹੁੰਦੀ ਹੈ। ਗੁਰੂ ਅਰਜਨ ਕਾਲ ਵਿਚ ਆਸਾ ਦੀ ਵਾਰ ਦੀ ਚੌਕੀ, ਚਰਨ ਕਮਲ ਦੀ ਚੌਕੀ, ਸੋਦਰ ਦੀ ਚੌਕੀ, ਆਰਤੀ ਦੀ ਚੌਕੀ, ਕਾਨੜੇ ਜਾਂ ਕਲਿਆਣ ਦੀ ਚੌਕੀ ਪ੍ਰਚਲਿਤ ਸੀ ਭਾਵ ਗੁਰੂ ਅਰਜਨ ਦੇਵ ਜੀ ਨੇ ਰਾਗਾਤਮਕ ਕੀਰਤਨ ਚੌਕੀਆਂ ਨੂੰ ਸੰਸਥਾਗਤ ਰੂਪ ਵਿਚ ਸਥਾਪਤ ਤੇ ਵਿਕਸਤ ਕੀਤਾ। ਇਹ ਪਰੰਪਰਾ ਵਰਤਮਾਨ ਕਾਲ ਤੱਕ ਗੁਰਮਤਿ ਸੰਗੀਤ ਦੀ ਨਿਰੰਤਰ ਸਜੀਵ ਪਰੰਪਰਾ ਹੈ। ਗੁਰੂ ਅਰਜਨ ਦੇਵ ਤੱਕ ਸਮੂਹ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਗੁਰ ਦਰਬਾਰ ਵਿਚ ਰਬਾਬੀ ਕੀਰਤਨਕਾਰਾਂ ਨੂੰ ਵਿਸ਼ੇਸ਼ ਸਰਪ੍ਰਸਤੀ ਦਿੱਤੀ ਜਿਸ ਦੁਆਰਾ ਕੀਰਤਨਕਾਰਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੋਂਦ ਵਿਚ ਆਈ। ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਰਬਾਬੀ ਭਾਈ ਸੱਤਾ ਬਲਵੰਡ ਦੇ ਰੁੱਸ ਜਾਣ ਦੀ ਘਟਨਾ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ, ਪ੍ਰਸਾਰ ਨੂੰ ਨਵਾਂ ਮੋੜ ਦਿੱਤਾ ਜਿਸ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਸਾਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਹਿੱਤ ਉਤਸ਼ਾਹਿਤ ਕੀਤਾ। ਇਸ ਸੁਚੇਤ ਯਤਨ ਅਧੀਨ ਸਿੱਖ ਸੰਗਤਾਂ ਵਿਚ

ਕੀਰਤਨ ਗਾਇਨ, ਸਾਜ਼ਾਂ ਦੀ ਸਿਖਲਾਈ ਅਤੇ ਕੀਰਤਨ ਗਾਇਨ ਦੇ ਲੋਕ ਸੰਗੀਤਕ ਪ੍ਰਵਾਹ ਦਾ ਪ੍ਰਾਰੰਭ ਹੋਇਆ। ਇਨ੍ਹਾਂ ਨਿਸ਼ਕਾਮ ਕੀਰਤਨੀਆਂ ਵਿਚੋਂ ਭਾਈ ਦੀਪਾ, ਭਾਈ ਰੁਲਾ, ਭਾਈ ਨਰਾਇਣ ਦਾਸ, ਭਾਈ ਉਗਰਸੈਨ, ਭਾਈ ਝਾਜੂ, ਭਾਈ ਮੁਕੰਦ, ਭਾਈ ਕੇਦਾਰਾ ਆਦਿ ਇਸ ਸਮੇਂ ਦੇ ਇਤਿਹਾਸਕ ਤੌਰ ਤੇ ਵਰਣਨਯੋਗ ਕੀਰਤਨੀਏ ਹਨ।

ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਲਈ ਵਿਸ਼ੇਸ਼ ਤੰਤੀ ਸਾਜ਼ਾਂ ਦਾ ਪ੍ਰਚਲਨ ਕੀਤਾ। ਪੂਰਵਲੇ ਗੁਰੂ ਸਾਹਿਬਾਨ ਦੇ ਸਮੇਂ ਤੇ ਰਬਾਬ, ਸਾਰੰਦਾ ਦਾ ਵਾਦਨ ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਚਲਿਆ ਆ ਰਿਹਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਉੱਤਮ ਸਵਰ ਦੇਣ ਵਾਲਾ ਤਾਰਦਾਰ ਸਾਜ਼ ਹੈ ਜਿਸ ਨੂੰ ਗਜ਼ ਨਾਲ ਵਜਾਈਦਾ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ਼ ਨਾਲ ਬਣਾ ਕੇ ਸਿੱਖ ਰਾਗੀਆਂ ਨੂੰ ਬਖਸ਼ਿਆ ਅਤੇ ਵਜਾਉਣਾ ਸਿਖਾਇਆ। ਪੁਰਾਤਨ ਕੁਝ ਸਾਖੀਆਂ ਵਿਚ ਵੀ ਪ੍ਰਚੱਲਿਤ ਹੈ ਕਿ ਭਾਈ ਮੋਹਨ ਕੋਲੋਂ ਗੋਇੰਦਵਾਲ ਵਿਖੇ ਪੋਥੀਆਂ ਲੈਣ ਲਈ ਜਦੋਂ ਗੁਰੂ ਅਰਜਨ ਦੇਵ ਜੀ ਗਏ ਤਾਂ ਆਪ ਨੇ ਉਨ੍ਹਾਂ ਦੇ ਗ੍ਰਹਿ ਦੇ ਬਾਹਰ ਸਰੰਦੇ ਨਾਲ ਹੀ ਕੀਰਤਨ ਕੀਤਾ ਸੀ।

ਸੰਖੇਪ ਰੂਪ ਵਿਚ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਗਿਆਨ ਲਈ ਅਧਾਰ ਵਜੋਂ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਰਾਗਾਤਮਕ ਸੰਕਲਨ ਅਤੇ ਫਿਰ ਇਸ ਸਮੁੱਚੇ ਸੰਗੀਤ ਵਿਧਾਨ ਭਾਵ ਗੁਰੂ ਘਰ ਦੀ ਇਸ ਵਿਸ਼ਿਸ਼ਟ ਸੰਗੀਤ ਵਿਗਿਆਨਕਤਾ ਦੇ ਅਨੁਸਾਰੀ ਸੰਗੀਤ ਪਰੰਪਰਾ ਨੂੰ ਵਿਵਹਾਰਕਤਾ ਪ੍ਰਦਾਨ ਕਰਨਾ ਗੁਰੂ ਅਰਜਨ ਸਾਹਿਬ ਦਾ ਵਿਸ਼ੇਸ਼ ਯੋਗਦਾਨ ਸੀ। ਗੁਰਮਤਿ ਸੰਗੀਤ ਦੀ ਸਿਧਾਂਤਕਤਾ ਤੇ ਵਿਵਹਾਰਕਤਾ ਦੇ ਅਧਿਐਨ ਲਈ ਅਧਾਰ ਵਜੋਂ ਗੁਰੂ ਅਰਜਨ ਬਾਣੀ ਵਿਸ਼ੇਸ਼ ਰੂਪ ਵਿਚ ਸਹਾਈ ਹੁੰਦੀ ਹੈ ਜਿਸ ਵਿਚ ਰਾਗਾਂ, ਵਿਭਿੰਨ ਬਾਣੀ ਗਾਇਨ ਰੂਪਾਂ, ਸੰਗੀਤ ਵਿਧਾਨ ਅਤੇ ਕੀਰਤਨ ਸਬੰਧੀ ਫੁਰਮਾਨ ਸਾਡਾ ਮਾਰਗ ਦਰਸ਼ਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਗੁਰਮਤਿ ਸੰਗੀਤ ਦਾ ਪ੍ਰਾਰੰਭ ਕੀਤਾ ਉੱਥੇ ਗੁਰੂ ਅਰਜਨ ਦੇਵ ਜੀ ਨੇ ਇਸ ਪਰੰਪਰਾ ਨੂੰ ਪੂਰਨ ਰੂਪ ਵਿਚ ਵਿਕਸਤ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ। ਇਸ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਗੁਰਮਤਿ ਸੰਗੀਤ ਦੇ ਸਮੁੱਚੇ ਵਿਕਾਸ ਅਤੇ ਅਧਿਐਨ, ਅਧਿਆਪਨ ਦੀ ਦ੍ਰਿਸ਼ਟੀ ਤੋਂ ਸਦੈਵ ਬੁਨਿਆਦੀ ਤੇ ਕੇਂਦਰੀਕਾਰੀ ਰਹੇਗਾ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ**

# ਸਿੱਖ ਧਰਮ ਵਿੱਚ ਸਿਰਪਾਓ ਦੀ ਮਰਯਾਦਾ, ਮਹੱਤਵ ਅਤੇ ਪਿਛੋਕੜ

**ਬੀਰ ਦਵਿੰਦਰ ਸਿੰਘ**

ਸਿਰਪਾਓ ਦਾ ਭਾਵ ਹੈ, ਸਿਰ ਤੋਂ ਪੈਰਾਂ ਤੀਕਰ ਦੀ ਵਿਸ਼ੇਸ਼ ਪੁਸ਼ਾਕ ਦਾ ਵਸਤਰ ਜੋ ਮਾਣ-ਸਨਮਾਨ ਦੇ ਚਿੰਨ ਵੱਜੋਂ, ਕਿਸੇ ਆਦਰਯੋਗ ਵਿਅਕਤੀ ਦੇ ਅੰਗਰਖੇ ਵੱਜੋਂ ਪਹਿਨਾਇਆ ਜਾਂਦਾ ਹੈ। ਸਿੱਖ ਧਰਮ ਵਿੱਚ ਸਿਰਪਾਓ ਦੀ ਪਰੰਪਰਾ ਦਾ ਮੁੱਢ ਕਦੋਂ ਤੇ ਕਿਵੇਂ ਬੱਝਾ, ਸਿਰੋਪਾਓ ਦੀ ਮਰਯਾਦਾ, ਮਹੱਤਵ ਤੇ ਉਸਦਾ ਪਿਛੋਕੜ ਕੀ ਹੈ ? ਇਹ ਮੇਰੇ ਨਿਬੰਧ ਦਾ ਵਿਸ਼ਾ ਹੈ ਜੋ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ।

ਰਾਇ ਭੋਇ ਦੀ ਤਲਵੰਡੀ ਵਿਖੇ, ਮਾਈ ਲੱਖੋ ਦੇ ਉਦਰ ਤੋਂ ਪੈਦਾ ਹੋਇਆ, ਬਦਰੋ ਮਿਰਾਸੀ ਦਾ ਪੁੱਤਰ, ਮਰਦਾਨਾ, ਗੁਰੂ ਨਾਨਕ ਦੇਵ ਜੀ ਦਾ ਬਚਪਨ ਦਾ ਮਿੱਤਰ ਸੀ, ਉਮਰ ਵਿੱਚ ਭਾਵੇਂ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ, ਪਰ ਦੋਹਵਾਂ ਵਿੱਚ ਮਿੱਤਰਤਾ ਤੇ ਪ੍ਰੇਮ ਬਹੁਤ ਗੂੜ੍ਹਾ ਸੀ। ਬਦਰੋ ਮਿਰਾਸੀ ਦਾ ਡੇਰਾ, ਪਿੰਡ ਦੀ ਵੱਸੋਂ ਤੋਂ ਬਾਹਰਵਾਰ, ਕੁੱਝ ਵਿੱਥ ਤੇ ਸੀ। ਬਦਰੋ ਦੇ ਵੱਡੇ-ਵਡੇਰੇ, ਮੁੱਢ-ਕਦੀਮੋਂ ਹੀ ਰਾਇ ਭੋਇ ਦੀ ਤਲਵੰਡੀ ਦੇ ਮੀਰ-ਮਿਰਾਸੀ ਤੇ ਗਵੱਈਏ ਸਨ । ਗੁਰੂ ਨਾਨਕ ਦੇਵ ਜੀ ਬਾਲ ਅਵਸਥਾ ਵਿੱਚ, ਸਵੇਰ ਸਾਰ ਹੀ ਬਦਰੋ ਦੇ ਡੇਰੇ ਤੇ ਚਲੇ ਜਾਂਦੇ ਸਨ, ਸਾਰਾ ਦਿਨ ਓਥੇ ਹੀ ਖੇਡ੍ਹਦੇ ਰਹਿੰਦੇ, ਰਾਤ ਨੂੰ ਬੜੀ ਮੁਸ਼ਕਿਲ ਨਾਲ ਉਨ੍ਹਾਂ ਦੇ ਪਿਤਾ, ਮਹਿਤਾ ਕਾਲੂ ਜੀ ਉਨ੍ਹਾਂ ਨੂੰ ਘਰ ਲੈ ਕੇ ਆਉਂਦੇ ਸਨ। ਓਧਰ ਰਾਇ ਭੋਇ ਦੀ ਤਲਵੰਡੀ ਦੀਆਂ ਮਿਲਖਾਂ ਦੇ ਸਰਦਾਰ ਮਨਸਬਦਾਰ, ਰਾਇ ਬੁਲਾਰ , ਮਹਿਤਾ ਕਾਲੂ ਜੀ ਨੂੰ ਤਾੜਨਾ ਕਰਦੇ ਰਹਿੰਦੇ ਸਨ ਕਿ 'ਨਾਨਕ ਨੂੰ ਕੁੱਝ ਨਹੀਂ ਆਖਣਾ, ਨਾਨਕ ਤਾਂ ਇੱਕ ਬਰਗੁਜ਼ੀਦਾ ਬਾਲ ਤੇ ਖੁਦਾਈ ਨੂਰ ਏ, ਇਹ ਜਿਵੇਂ ਚਾਹਵੇ ਤਿਵੇਂ ਕਰੇ, ਕਾਲੂ ਜੀ ਤੁਸਾਂ ਕਪਟ ਨਾਲ ਇਸ ਨੂੰ ਨਹੀਂ ਬੁਲਾਵਣਾ'। ਮਹਿਤਾ ਕਾਲੂ ਜੀ, ਜੋ ਰਾਏ ਬੁਲਾਰ ਦੀਆਂ ਮਿਲਖਾਂ ਦੇ ਪਟਵਾਰੀ ਸਨ, ਅੱਗੋਂ ਆਖਦੇ ਸਨ ' ਸਾਈਂ ਜੀ, 'ਨਾਨਕ' ਹਰ ਰੋਜ਼ ਸਵੇਰੇ ਉੱਠ, ਬਿਨਾਂ ਖਾਧੇ-ਪੀਤੇ ਬਦਰੋ ਦੇ ਡੇਰੇ ਨੱਸ ਜਾਂਵਦਾ, ਤਿੱਥੇ ਖਾਂਵਦਾ ਤਿੱਥੇ ਗਾਂਵਦਾ, ਘਰ ਕਾਈ ਨਹੀਂ ਆਂਵਦਾ, ਮੈਂ ਤੁਸਾਂ ਨੂੰ ਆਖਣਾ, ਹੋਰ ਕਿਸ ਨੂੰ ਆਖ ਸੁਣਾਵਾਂ' !

ਵਰਨਨ ਯੋਗ ਹੈ ਕਿ ਭਾਈ ਮਰਦਾਨਾ ਨੇ ਆਪਣੇ ਜੀਵਨ ਦੇ ਲਗਪਗ 31 ਸਾਲ, ਗੁਰੂ ਨਾਨਕ ਦੇਵ ਜੀ ਦੀ, ਹਜ਼ੂਰੀ ਸੰਗਤ ਵਿੱਚ ਗੁਜ਼ਾਰੇ, ਜਿਸ ਵਿੱਚ 24 ਸਾਲ ਦਾ ਸਮਾਂ ਤਾਂ ਚਾਰ ਉਦਾਸੀਆਂ ਦਾ ਹੀ ਬਣਦਾ ਹੈ। ਗੁਰੂ ਨਾਨਕ ਦੇਵ ਜੀ ਨੇ ਚਹੁੰ ਦਿਸ਼ਾਵਾਂ ਦਾ ਭਰਮਣ ਕਰਦੇ ਹੋਏ, ਲਗਪਗ 28,000 ਕਿਲੋਮੀਟਰ ਦਾ ਲੰਮਾ ਪੈਂਡਾ, ਪੈਦਲ ਚੱਲ ਕੇ ਤੈਅ ਕੀਤਾ। ਇਨ੍ਹਾਂ ਰੂਹਾਨੀ ਪੈਂਡਿਆਂ ਦੀ ਗਾਥਾ ਵਿੱਚ, ਉਹ ਸਮੇਂ ਵੀ ਸ਼ਾਮਲ ਹਨ, ਜਦੋਂ ਮਰਦਾਨੇ ਦੀ ਰਬਾਬ ਦੀਆਂ, ਤਰਬ-ਛੋਹਾਂ' ਚੋਂ ਉਤਪੰਨ ਹੁੰਦੀਆਂ ਸਰੋਦੀ ਧੁੰਨਾਂ, ਗੁਰੂ ਨਾਨਕ ਦੀ ਬਾਣੀ ਦੇ ਅਲਾਪ ਤੇ 'ਸ਼ਬਦੁ' ਨਾਲ ਅਭੇਦ ਹੋ ਕੇ, ਬੇਨੂਰ ਫਿਜ਼ਾਵਾਂ ਨੂੰ, ਵਿਸਮਾਦੀ ਰਿਸ਼ਮਾਂ ਨਾਲ, ਫੈਜ਼ਯਾਬ ਕਰਦੀਆਂ ਸਨ। ਇੱਥੇ ਇਹ ਉਲੇਖ ਕਰਨਾ ਜ਼ਰੂਰੀ ਹੈ ਕਿ ਇਹ ਦਰਸ਼ਨੀ-ਰਬਾਬ ਪਿੰਡ ਭੈਰੋਆਣਾ (ਸੁਲਤਾਨਪੁਰ ਨੇੜੇ) ਦੇ ਰਬਾਬੀ, ਭਾਈ ਫਿਰੰਦੇ ਨੇ , 'ਨਾਨਕ ਫਕੀਰ' ਦੇ ਦਰਸ਼ਨ-ਦੀਦਾਰਿਆਂ ਦੀ ਤਾਂਘ ਮਨ ਵਿੱਚ ਰੱਖ ਕੇ ਤਿਆਰ ਕੀਤੀ ਸੀ। ਉਸਦਾ ਸੰਕਲਪ ਸੀ ਕਿ ਜਦੋਂ ਵੀ ਉਸ ਨੂੰ 'ਨਾਨਕ ਫਕੀਰ' ਦੇ ਦੀਦਾਰ ਨਸੀਬ ਹੋਣਗੇ, ਉਸ ਵੇਲੇ ਇਹ ਦਰਸ਼ਨੀ-ਰਬਾਬ ਉਨ੍ਹਾਂ ਦੀ 'ਦਰਸ਼ਨ ਭੇਟ' ਕਰਾਂਗਾ। ਭਾਈ ਫਿਰੰਦਾ ਰਾਗ-ਵਿੱਦਿਆ ਦਾ ਇੱਕ ਪੂਰਨ ਪੰਡਿਤ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ, ਭਾਈ ਮਰਦਾਨੇ ਨੂੰ ਰਾਗ ਵਿੱਦਿਆ ਤੇ ਰਬਾਬੀ ਸੁਰ ਤੇ ਸਰੋਦ ਦੀ ਕਲਾ ਵਿੱਚ ਪਰਬੀਨ ਕੀਤਾ ਅਤੇ ਵਿਸ਼ੇਸ ਸਾਧਨਾ ਹਿੱਤ ਤਿਆਰ ਕੀਤੀ, ਦਰਸ਼ਨੀ-ਰਬਾਬ ਗੁਰੂ ਸਾਹਿਬ ਦੀ ਨਜ਼ਰ ਕੀਤੀ ਜੋ ਲਗਪਗ ਇਕੱਤੀ ਵਰ੍ਹੇ ਭਾਈ ਮਰਦਾਨੇ ਦੀ ਸਪੁਰਦਦਾਰੀ ਵਿੱਚ ਰਹੀ।

ਇੱਕ ਦਿਨ ਗੁਰੂ ਨਾਨਕ ਦੇਵ ਜੀ ਵਜਦ ਵਿੱਚ ਆਇ ਕੇ ਮਰਦਾਨੇ ਨੂੰ ਆਖਣ ਲੱਗੇ "ਮਰਦਾਨਿਆ ਰਬਾਬ ਉਠਾਇ, ਬਾਣੀ ਆਈ ਆ" ਤਦ ਮਰਦਾਨੇ ਨੇ ਰਬਾਬ ਉਠਾਈ ਤੇ ਉਸ ਨੂੰ ਸੁਰ ਕਰਨ ਲੱਗਾ, ਗੁਰੂ ਨਾਨਕ ਨੇ ਅਲਾਪ ਦਿੱਤਾ ਤਾਂ ਮਰਦਾਨੇ ਨੇ ਟੋਕ ਕੇ ਆਖਿਆ ' ਬਾਬਾ ਰੁਕ, ਰਬਾਬ ਕਾ ਥਾਟ (ਸੁਰ) ਬਨਾਵਣ ਦੇ' ਤਦ ਬਾਬੇ ਆਖਿਆ , 'ਮਰਦਾਨਿਆ ਤੂੰ ਰਬਾਬ ਛੇੜ, ਥਾਟ ਆਪੇ ਬਣ ਜਾਵੇਗਾ' ਗੁਰੂ ਜੀ ਨੇ ਫੇਰ ਬਾਣੀ ਦੇ ਅਲਾਪ ਨੂੰ ਸੁਰ ਦਿੱਤੀ, ਮਰਦਾਨੇ ਨੇ ਰਬਾਬ ਦੀਆਂ ਤਰਬਾ ਨੂੰ ਛੋਹਿਆ, ਤਾਂ ਰਬਾਬ ਉਸੇ ਸੁਰ ਵਿੱਚ ਸੀ, ਜਿਸ ਸੁਰ ਵਿੱਚ ਗੁਰੂ ਨਾਨਕ ਦੀ ਬਾਣੀ ਦਾ ਅਲਾਪ ਹੋ ਰਿਹਾ ਸੀ। ਗੁਰੂ ਨਾਨਕ ਕੁੱਝ ਸਮਾਂ ਪਰਮ ਅਨੰਦ ਵਿੱਚ ਲੀਨ ਰਹੇ, ਰਬਾਬ ਦੀਆਂ ਤਰਬਾਂ ਦਾ ਸਰੋਦ, ਗੁਰੂ ਬਾਬੇ ਦੀ ਰੂਹ ਨੂੰ ਧੁਰ ਅੰਦਰ ਤੀਕ ਛੂਹ ਗਿਆ। ਗੁਰੂ ਜੀ ਆਪਣੇ ਰੁਹਾਨੀ ਰੰਗ ਵਿੱਚ ਹੀ ਆਖਣ ਲੱਗੇ, "ਵਾਹ ਮਰਦਾਨਿਆ ਵਾਹ, ਮਰਦਾਨਿਆ ਹੁਣ ਤੂੰ ਮਰਦਾਨਾ ਨਾਹੀ, ਹੁਣ ਤੂੰ 'ਭਾਈ' ਹੋਇਓਂ" । 'ਭਾਈ' ਦਾ ਲਕਬ (ਪਦਵੀ) ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ ਕੇਵਲ ਭਾਈ ਮਰਦਾਨੇ ਲਈ ਵਰਤਿਆ ਸੀ, ਇਸੇ ਲਈ ਇਸ ਪੱਧਤੀ ਦਾ ਦਸਤੂਰ, ਅੱਜ ਤੀਕਰ ਸਜੀਵ ਹੈ ਤੇ ਅਸੀਂ ਗੁਰੂ ਘਰ ਦੇ ਰਾਗੀ ਸਿੰਘਾਂ ਦੇ ਨਾਮ ਦੇ ਅੱਗੇ 'ਭਾਈ' ਸ਼ਬਦ ਦਾ ਅਗੇਤਰ, ਸਤਿਕਾਰ ਵੱਜੋਂ ਪ੍ਰਯੋਗ ਕਰਦੇ ਹਾਂ।

ਪੁਰਾਤਨ ਜਨਮ ਸਾਖੀਆਂ ਦੇ ਹਵਾਲਿਆਂ ਅਨੁਸਾਰ ਭਾਈ ਮਰਦਾਨਾ ਜੀ, ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਸਮੇਂ, 75 ਸਾਲ ਦੀ ਅਵਧੀ ਭੋਗ ਕੇ, ਸੰਮਤ 1591 ਵਿੱਚ, ਅਫ਼ਗਾਨਿਸਤਾਨ ਵਿੱਚ ਦਰਿਆ ਕੁਰਦ ਦੇ ਕਿਨਾਰੇ ਵੱਸੇ, ਨਗਰ ਕੁਰਦ ਦੇ ਬਾਹਰਵਾਰ, ਇੱਕ ਹਰੇ-ਕਚੂਰ ਰੁੱਖ ਦੀ ਘਣੀ ਛਾਂ ਹੇਠ ਵਫਾਤ ਪਾ ਗਏ ਅਤੇ ਆਖਰੀ ਸਵਾਸ ਲੈਣ ਸਮੇਂ ਭਾਈ ਮਰਦਾਨਾ ਜੀ ਦਾ ਸੀਸ, ਗੁਰੂ ਨਾਨਕ ਦੀ ਗੋਦੀ ਵਿੱਚ ਸੀ। ਇਸ ਅਸਥਾਨ ਤੇ ਹੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲਾ ਜੀ ਨੇ, ਕੁਰਦ ਦਰਿਆ ਦੇ ਨਿਰਮਲ ਪਾਣੀਆਂ ਨਾਲ ਇਸ਼ਨਾਨ ਕਰਵਾ ਕੇ, ਭਾਈ ਮਰਦਾਨਾ ਜੀ ਦੇ ਸ਼ਰੀਰਕ ਵਜੂਦ ਨੂੰ, ਉਨ੍ਹਾਂ ਦੀ ਇੱਛਾ ਅਨੁਸਾਰ, ਸਪੁਰਦ-ਏ-ਆਤਿਸ਼ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਨੇ ਆਪ ਚਿਖਾ ਨੂੰ ਅਗਨੀ ਦਿੱਤੀ। ਇਸ ਉਪਰੰਤ ਗੁਰੂ ਨਾਨਕ ਦੇਵ ਜੀ, ਚੌਥੀ ਉਦਾਸੀ ਵਿੱਚੇ ਛੱਡ ਕੇ , ਭਾਈ ਮਰਦਾਨੇ ਦੇ ਕੁਟੰਬ ਨਾਲ, ਉਸਦੇ ਸਦੀਵੀ ਵਿਛੋੜੇ ਦਾ ਦੁੱਖ ਸਾਂਝਾ ਕਰਨ ਲਈ, ਵਾਪਿਸ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਪੁੱਜ ਗਏ ।

ਜਦੋਂ ਨਗਰ ਵਿੱਚ ਗੁਰੂ ਨਾਨਕ ਸਾਹਿਬ ਦੇ ਵਾਪਿਸ ਪਰਤਣ ਦੀ ਖਬਰ ਕੰਨੋ-ਕੰਨੀ ਸਾਰੇ ਪਿੰਡ ਵਿੱਚ ਫੈਲ ਗਈ ਤਾਂ ਪਿੰਡ ਦੇ ਲੋਕਾਂ ਦਾ ਗੁਰੂ ਜੀ ਦੇ ਦਰਸ਼ਨਾ ਲਈ ਤਾਂਤਾ ਲੱਗ ਗਿਆ ਅਤੇ ਚਾਰੇ ਬੰਨੇ ਘੁਸਰ-ਮੁਸਰ ਹੋਣ ਲੱਗੀ ਕਿ **'ਨਾਨਕ ਤਪਾ ਤੇ ਦਸੀਂਦਾ, ਪਰ ਇੱਥੇ ਮਰਦਾਨਾ ਕਾਈ ਨਹੀਂ ਦਸੀਂਦਾ'**। ਗੁਰੂ ਨਾਨਕ ਦੇਵ ਜੀ ਨੇ ਭਾਈ ਬਾਲੇ ਨੂੰ, ਬਦਰੋ ਮਿਰਾਸੀ ਦੇ ਡੇਰੇ ਭੇਜ ਕੇ, ਭਾਈ ਮਰਦਾਨੇ ਦੇ ਸਾਰੇ ਪਰਿਵਾਰ ਨੂੰ ਆਪਣੇ ਪਾਸ ਸਦਵਾ ਲਿਆ। ਜਦੋਂ ਭਾਈ ਮਰਦਾਨੇ ਦਾ ਵੱਡਾ ਪੁੱਤਰ ਸ਼ੁਜਾਦ ਆਪਣੇ ਪਰਿਵਾਰ ਸਮੇਤ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾ ਲਈ ਪੁੱਜਿਆ ਤਾਂ ਜਨ ਸਧਾਰਨ ਦੀ ਭੀੜ ਵਿੱਚ ਉਸਦੇ 'ਅੱਬੂ' (ਭਾਈ ਮਰਦਾਨਾ) ਦੀ ਅਦਮ-ਮੌਜੂਦਗੀ ਉਸਨੂੰ ਪ੍ਰੇਸ਼ਾਨ ਕਰ ਰਹੀ ਸੀ। ਭਾਈ ਮਰਦਾਨਾ ਨੂੰ ਕਿਧਰੇ ਵੀ ਨਜ਼ਰੀ ਪੈਂਦਾ ਨਾ ਵੇਖਕੇ ਬੜੀ ਹੈਰਾਨੀ ਅਤੇ ਵਿਅਕੁਲਤਾ ਨਾਲ ਗੁਰੂ ਜੀ ਨੂੰ ਪੁੱਛਦਾ ਹੈ, ' ਬਾਬਾ, ਅਸਾਡ੍ਹਾ ਅੱਬੂ ਕਾਈਂ ਨਹੀਂ ਦਸੀਂਦਾ ?' ਤਦ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ "ਸ਼ੁਜਾਦਿਆ, ਤੈਂਡਾ ਅੱਬੂ ਖੁਦਾਇ ਕੀ ਹਿਫ਼ਾਜਤ ਵਿੱਚ ਏ, ਅਸਾਂ ਉਸਨੂੰ 'ਸਿਰਪਾਓ ਪਾਇ ਕੇ', ਰਜਾਇ ਕੇ ਘੱਲਿਆ ਸੂ, ਉਸ ਕੀ ਵੱਡੀ ਘਾਲਣਾ ਹਾਈ, ਮੈਂਡੇ ਪਾਸ ਅੱਖਰ ਕਾਈ ਨਾਹੀਂ, ਮੈਂ ਤੁਸਾਂ ਕਾ ਡੇਵਣਾ ਸੂ, ਮੰਗੋ ਕੀ ਡੇਵਾਂ " ? ਅੱਗੋਂ ਸ਼ੁਜਾਦ ਆਖਦਾ ਏ, 'ਹੱਛਾ ਬਾਬਾ, ਅੱਲਾ ਕੀ ਰਜਾਇ ਏਹਾ, ਮੈਂਡਾ ਅੱਬੂ ਤੈਂਡਾ ਡੂਮ ਥੀ, ਬਾਬਾ; ਜੋ ਉਸ ਤਾਈ ਬਕਸ਼ਿਆ ਬਾਬਾ, ਸੋਈ ਮੈਂਡੀ ਝੋਲੀ ਪਾ'

ਇਹ ਗੱਲ ਸੁਣ ਕੇ ਗੁਰੂ ਨਾਨਕ ਦੇਵ ਜੀ ਆਪਣੀ ਕੋਠੜੀ ਅੰਦਰ ਗਏ, ਸਿਰੋਪਾਓ ਲਿਆਇ ਕੇ ਪਹਿਲਾਂ ਸ਼ੁਜਾਦ ਨੂੰ ਸਿਰ ਕੱਜਣ ਲਈ ਆਖਿਆ, ਮੁੜ ਉਸਨੂੰ ਨਗਰ-ਖੇੜੇ ਦੀ ਖ਼ਲਕ ਦੀ ਹਾਜ਼ਰੀ ਵਿੱਚ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ, ਜਿਸ ਵਿੱਚ ਸਿਰ ਤੋਂ ਪੈਰਾਂ ਤੀਕਰ ਦੇ ਵਸਤਰਾਂ ਦਾ ਜੋੜਾ-ਜਾਮਾ ਸ਼ਾਮਲ ਸੀ। ਉਪਰੰਤ ਕੀਲੇ ਤੇ ਲਟਕਦੀ ਮਰਦਾਨੇ ਦੀ ਰਬਾਬ ਉਤਾਰੀ ਤੇ ਸ਼ੁਜਾਦੇ ਨੂੰ ਆਖਿਆ, ਲੈ ਭਾਈ ਸ਼ੁਜਾਦਿਆ ਝੋਲੀ ਅੱਡ, ਐ ਤੈਂਡੇ ਅੱਬੂ ਦੀ ਸਗਲੀ ਕਮਾਈ, ਉਸਦੀ ਨੇਕੀ ਤੇ ਵਡਿਆਈ ਤੈਂਡੀ ਝੋਲੀ ਪਾ ਦਿੱਤੀ, ਹੁਣ ਸ਼ੁਜਾਦਿਆਂ ਤੈਂ ਰੋਮ (ਵਾਲ) ਕੀ ਹਜਾਮਤ ਨਾਹੀਂ ਕਰਾਵਣੀ, ਇਸ ਰਬਾਬ ਕਾ ਅਦਬ ਪਾਲਣਾਂ, ਇਸ ਥੀਂ ਸਬਦ-ਬਾਣੀ ਗਾਵਣਾਂ, ਅੱਲਾ ਫਜ਼ਲ ਕਰਸੀ, ਜਿੱਥੇ ਅਸਾਂ ਵੱਸਣਾ ਤਿੱਥੇ ਤੁਸਾਂ ਵੱਸਣਾਂ " ।

ਉਪਰੋਕਤ ਵੇਰਵੇ ਸਾਹਿਤ ਵਿਆਖਿਆ ਦਾ ਮਕਸਦ ਕੇਵਲ ਇਹ ਦਰਸਾਉਣਾ ਸੀ, ਕਿ ਸਵਾ ਦੋ ਮੀਟਰ ਦਾ ਕੇਸਰੀ ਪਟਕਾ, ਜਿਸ ਨੂੰ ਹੁਣ 'ਸਿਰੋਪਾ' ਕਿਹਾ ਜਾਂਦਾ ਹੈ, ਬਿਨਾਂ ਸੋਚੇ ਸਮਝੇ, ਹਰ ਜਣੇ-ਖਣੇ ਦੇ ਗਲੇ ਵਿੱਚ ਪਾਉਣਾ ਮਰਯਾਦਾਹੀਨਤਾ ਹੈ।ਬੇਮਕਸਦ ਅਜਿਹਾ ਕਰਨ ਤੋਂ ਪਹਿਲਾਂ, ਸਿੱਖ ਧਰਮ ਵਿੱਚ ਸਿਰਪਾਓ ਦੀ ਪਰਪਾਟੀ , ਮਰਯਾਦਾ, ਮਹੱਤਵ ਅਤੇ ਮਕਸਦ ਨੂੰ , ਸਹੀ ਸੰਦਰਵ ਵਿੱਚ ਸਮਝਣਾ ਤੇ ਵਿਚਾਰਨਾ ਜ਼ਰੂਰੀ ਹੈ।ਯਾਦ ਰਹੇ ਕਿ ਸਿੱਖ ਧਰਮ ਵਿੱਚ ਸਭ ਤੋਂ ਪਹਿਲੀ ਸਿਰੋਪਾਓ ਦੀ ਬਖਸ਼ਿਸ਼, ਭਾਈ ਮਰਦਾਨਾ ਜੀ ਦੇ ਵਫ਼ਾਤ ਪਾ ਜਾਣ ਉਪਰੰਤ, ਉਨ੍ਹਾਂ ਦੇ ਵੱਡੇ ਪੁੱਤਰ ਭਾਈ ਸ਼ੁਜਾਦ ਨੂੰ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਸਤ-ਕਮਲਾਂ ਨਾਲ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਭਾਈ ਮਰਦਾਨੇ ਦੀ ਸਾਰੀ ਜ਼ਿੰਦਗੀ ਦੀ ਸਮਰਪਤ ਭਾਵਨਾ ਅਤੇ ਘਾਲਣਾਂ ਦਾ ਸਤਿਕਾਰ ਕਰਦੇ ਹੋਏ ਅਤੇ ਉਸਦੀ ਸੇਵਾ ਨੂੰ ਪ੍ਰਵਾਨ ਕਰਦੇ ਹੋਏ, ਖੁਦ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਪੁੱਜ ਕੇ, ਭਾਈ ਮਰਦਾਨਾ ਜੀ ਦੇ ਵੱਡੇ ਪੁੱਤਰ ਭਾਈ ਸ਼ੁਜਾਦ ਨੂੰ ਬਖਸ਼ਿਸ਼ ਕੀਤਾ ਸੀ ਅਤੇ ਨਾਲ ਹੀ ਸਾਰੇ ਕੁਟੰਬ ਨੂੰ ਕਰਤਾਰਪੁਰ ਆ ਕੇ ਵੱਸਣ ਦੀ ਪ੍ਰੇਰਨਾ ਵੀ ਕੀਤੀ, ਜਿਸ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਏ, ਭਾਈ ਮਰਦਾਨੇ ਦੀ ਅੰਸ਼-ਵੰਸ਼ ਦੇ ਵਾਰਿਸ, ਰਬਾਬੀ ਰਾਗੀ, ਚਿਰ-ਕਾਲ ਤੀਕਰ, ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਸ਼ਬਦ ਕੀਰਤਨ ਦੀ ਸੇਵਾ ਕਰਦੇ ਰਹੇ।

**ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ**
**ਸੰਪਰਕ : 9814033362**

## ਜ਼ਰੂਰੀ ਸੂਚਨਾ

ਸਰਕਾਰ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਮਾਇਆ ਭੇਜਣ ਵਾਲੇ ਸੱਜਣਾਂ ਨੂੰ 80ਜੀ ਐਕਟ ਅਧੀਨ ਇਨਕਮ ਟੈਕਸ ਤੋਂ ਛੋਟ ਲੈਣ ਲਈ ਆਪਣਾ ਅਧਾਰ ਨੰਬਰ ਅਤੇ ਪੈਨ ਨੰਬਰ ਲਿਖਣਾ ਜ਼ਰੂਰੀ ਹੈ।ਸਾਲ 2021-2022 ਵਿੱਚ ਜਿਹਨਾਂ ਨੇ ਵੀ ਮਾਇਆ ਭੇਜੀ ਹੈ ਉਹ ਅੰਮ੍ਰਿਤ ਕੀਰਤਨ ਟ੍ਰਸਟ ਦਾ ਰਸੀਦ ਨੰਬਰ,ਆਪਣਾ ਆਧਾਰ ਨੰਬਰ ਅਤੇ ਪੈਨ ਨੰਬਰ ਤੁਰੰਤ ਭੇਜਣ ਦੀ ਕਿਰਪਾ ਕਰਨ ਜੀ।---**ਜਾਗੀਰ ਸਿੰਘ ਮੋਬਾਇਲ ਨੰ: 9855640630**

# ਗੁਰਮਤਿ ਸੰਗੀਤ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ

**ਅਜੈਪਾਲ ਸਿੰਘ ਚਵਿੰਡਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚ ਅਦੁੱਤੀ ਸਥਾਨ ਪ੍ਰਾਪਤ ਹੈ। ਇਸ ਗ੍ਰੰਥ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀਆਂ ਦੀਆਂ ਬਾਣੀਆਂ ਦਾ ਸੰਗ੍ਰਹਿ ਹੈ। ਸੰਗੀਤ ਦੇ ਪੱਖੋਂ ਵੀ ਇਸ ਗ੍ਰੰਥ ਦਾ ਵਿਸ਼ੇਸ਼ ਮਹੱਤਵ ਹੈ। ਇਸ ਗ੍ਰੰਥ ਵਿਚ ਜਪੁਜੀ ਸਾਹਿਬ ਨੂੰ ਛੱਡ ਕੇ ਬਾਕੀ ਸਾਰੀ ਬਾਣੀ ਰਾਗਾਂ ਵਿਚ ਦਰਜ ਹੈ। ਇਹ ਹੀ ਨਹੀਂ ਇਸ ਬਾਣੀ ਵਿਚ ਵੱਖ-ਵੱਖ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਸੰਗਤਿ ਦੀਆਂ ਸ਼ਾਸਤਰੀ ਅਤੇ ਲੋਕ-ਗਾਇਨ ਸ਼ੈਲੀਆਂ ਨਾਲ ਹੈ। ਇਸ ਵਿਚ ਸਲੋਕ, ਪਦੇ, ਅਸ਼ਟਪਦੀ, ਪੜਤਾਲ ਆਦਿ ਸ਼ਾਸਤਰੀ ਗਾਇਨ ਸ਼ੈਲੀਆਂ ਹਨ। ਸੋਹਿਲੇ, ਵਾਰ, ਛੰਤ, ਥਿਤੀ, ਪਹਿਰੇ, ਅਲਾਹੁਣੀਆਂ, ਬਾਰਾਮਾਹ ਆਦਿ ਲੋਕ-ਗਾਇਨ ਰੂਪ ਹਨ। ਗੁਰਮਤਿ ਸੰਗਤਿ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ ਦਾ ਵਰਣਨ ਨਿਮਨ ਲਿਖਿਤ ਹੈ।

## ਸ਼ਾਸਤਰੀ ਗਾਇਨ ਸ਼ੈਲੀਆਂ-

**1. ਪਦੇ-** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਪਦੇ, ਦੁਪਦੇ, ਤਿਪਦੇ, ਚੁਪਦੇ, ਪੰਚਪਦੇ, ਛਿਪਦੇ ਅਤੇ ਅਸ਼ਟਪਦੀ ਦਾ ਪ੍ਰਯੋਗ ਆਮ ਦੇਖਣ ਵਿਚ ਮਿਲਦਾ ਹੈ। ਪਦੇ ਵਾਸਤਵ ਵਿਚ ਕਾਵਿ ਰੂਪ ਹੈ। ਪਦ ਦਾ ਸਧਾਰਨ ਅਰਥ ਕਿਸੇ ਵੀ ਕਾਵਿ ਦੀ ਆਇਤ, ਚਰਨ ਜਾਂ ਪੰਕਤੀਆਂ ਤੋਂ ਹੈ। ਇਕਪਦਾ ਤੋਂ ਭਾਵ ਇਕ ਪਦ ਵਾਲਾ ਕਾਵਿ ਰੂਪ ਹੈ। ਦੁਪਦਾ ਤੋਂ ਭਾਵ ਦੋ ਕਾਵਿ ਰੂਪ ਵਾਲਾ ਕਾਵਿ ਰੂਪ ਹੈ। ਇਸੇਤਰ੍ਹਾਂ ਬਾਕੀ ਪਦਿਆਂ ਤੋਂ ਭਾਵ ਕ੍ਰਮਵਾਰ ਤਿੰਨ, ਚਾਰ, ਪੰਜ, ਛੇ, ਅੱਠ ਪਦਾਂ ਵਾਲੀ ਕਾਵਿ ਰਚਨਾ ਤੋਂ ਹੈ। ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਹੋਰ ਭਗਤ ਕਵੀਆਂ ਨੇ ਪਦ ਰਚਨਾ ਕੀਤੀ। ਇਹਨਾਂ ਪਦ ਰਚਨਾਵਾਂ ਨੂੰ ਮੱਧਕਾਲੀਨ ਭਾਰਤੀ ਸੰਗੀਤ ਵਿਚ ਪ੍ਰਚਲਿਤ ਧਰੁੱਪਦ ਅੰਗ ਤੋਂ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ ਦੇ ਰਚੇ ਹੋਏ ਕਈ ਤਰ੍ਹਾਂ ਦੇ ਪਦੇ ਭਿੰਨ-ਭਿੰਨ ਰਾਗਾਂ ਵਿਚ ਦਰਜ ਹਨ।

**2. ਅਸ਼ਟਪਦੀ-** ਅਸ਼ਟਪਦੀ ਤੋਂ ਭਾਵ ਉਸ ਰਚਨਾ ਤੋਂ ਹੈ ਜਿਸ ਵਿਚ ਅੱਠ ਪਦ ਹੋਣ। ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਇਸ ਕਾਵਿ-ਸ਼ੈਲੀ ਦਾ ਪ੍ਰਯੋਗ ਭਗਤ ਕਵੀ ਅਤੇ ਸੰਗਤਿਕਾਰ ਕਰਦੇ ਰਹੇ ਹਨ। ਜੈਦੇਵ ਰਚਿਤ ਗੀਤ ਗੋਵਿੰਦ ਦੀਆਂ ਅਸ਼ਟਪਦੀਆਂ ਭਾਰਤੀ ਸੰਗੀਤ ਅਤੇ ਸੰਗਤਿ ਦਾ ਵੱਡਮੁੱਲਾ ਸਰਮਾਇਆ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੈਦੇਵ ਰਚਿਤ ਇਸ ਕਾਵਿ-ਰੂਪ ਨੂੰ ਦਰਜ ਕੀਤਾ ਗਿਆ ਹੈ। ਗੁਰੂ ਸਾਹਿਬਾਨ ਜੀ ਨੇ ਵੀ ਅਸ਼ਟਪਦੀ ਦਾ ਪ੍ਰਯੋਗ ਕੀਤਾ ਹੈ। ਗੁਰੂ ਸਾਹਿਬਾਨਾਂ ਦੁਆਰਾ ਰਚਿਤ ਅਸ਼ਟਪਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸਦੀ ਇਕ ਉਦਾਹਰਨ ਇਸਤਰ੍ਹਾਂ ਹੈ-

**ਰਾਗੁ ਮਾਝ ਅਸਟਪਦੀਆ ਮਹਲਾ 1 ਘਰੁ 1**

ਸਬਦਿ ਰੰਗਾਏ ਹੁਕਮਿ ਸਬਾਏ ॥
ਸਚੀ ਦਰਗਹ ਮਹਲਿ ਬੁਲਾਏ ॥ (ਆਦਿ ਗ੍ਰੰਥ, ਪੰਨਾ 109)

**3. ਪੜਤਾਲ-** ਪੜਤਾਲ ਨਾਮਕ ਇਕ ਵਿਸ਼ਿਸਟ ਗਾਇਨ ਸ਼ੈਲੀ ਦਾ ਉਲੇਖ ਕੇਵਲ ਗੁਰਬਾਣੀ ਸੰਗਤਿ ਵਿਚ ਹੀ ਮਿਲਦਾ ਹੈ। ਹਿੰਦੁਸਤਾਨੀ ਸੰਗੀਤ ਦੇ ਸਮਕਾਲੀਨ ਕਿਸੇ ਵੀ ਹੋਰ ਸੰਗੀਤ ਪਰੰਪਰਾ ਵਿਚ ਪੜਤਾਲ ਗਾਇਨ-ਸ਼ੈਲੀ ਦਾ ਉਲੇਖ ਨਹੀਂ ਮਿਲਦਾ।

ਪੜਤਾਲ ਗੁਰਮਤਿ ਸੰਗੀਤ ਦੇ ਇਕ ਅਦੁੱਤੀ ਅੰਗ ਦੀ ਸ਼ਾਸਤਰੀ ਗਾਇਨ-ਸ਼ੈਲੀ ਹੈ। ਪੜਤਾਲ ਦੀ ਸੰਰਚਨਾ ਸਭ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤੀ। ਗੁਰੂ ਜੀ ਨੇ ਬਿਲਾਵਲ, ਨਟ, ਸਾਰੰਗ, ਮਲਾਰ ਆਦਿ ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ। ਗੁਰੂ ਜੀ ਦੁਆਰਾ ਰਚਿਤ ਕਾਨੜਾ ਰਾਗ ਵਿਚ ਇਕ

ਪੜਤਾਲ ਇਸ ਪ੍ਰਕਾਰ ਹੈ।

**ਕਾਨੜਾ ਮਹਲਾ 4 ਪੜਤਾਲ ਘਰੁ 5**
ਹਉ ਬਲਿ ਬਲੇ ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ
ਭਈ ਨਿਹਾਲ ਨਿਹਾਲ ਨਿਹਾਲ॥ (ਆਦਿ ਗ੍ਰੰਥ,ਪੰਨਾ 1296)

ਇਸਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਵੀ ਰਾਗੁ ਆਸਾ, ਧਨਾਸਰੀ, ਬਿਲਾਵਲ, ਰਾਮਕਲੀ ਆਦਿ ਰਾਗਾਂ ਵਿਚ 36 ਪੜਤਾਲਾਂ ਦੀ ਰਚਨਾ ਕੀਤੀ ਹੈ। ਇਸਤਰ੍ਹਾਂ ਕੁੱਲ 55 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਪੜਤਾਲ ਇਕ ਅਜਿਹੀ ਗਾਇਨ ਸ਼ੈਲੀ ਹੈ ਜਿਸ ਵਿਚ ਤਾਲ ਨੂੰ ਮੁੜ-ਮੁੜ ਬਦਲਿਆ ਜਾਂਦਾ ਹੈ। ਪੜਤਾਲ ਦਾ ਸ਼ਾਬਦਿਕ ਅਰਥ ਵੀ ਪਰਤ+ਤਾਲ ਅਰਥਾਤ ਤਾਲ ਦਾ ਮੁੜ-ਮੁੜ ਬਦਲਨਾ ਹੀ ਮੰਨਿਆ ਗਿਆ ਹੈ। ਪੜਤਾਲ ਸ਼ੈਲੀ ਦੀ ਗਾਇਨ ਪ੍ਰਕਿਰਿਆ ਅਜਿਹੀ ਹੈ ਕਿ ਇਸਦੀ ਸਥਾਈ ਇਕ ਹੀ ਤਾਲ ਵਿਚ ਰਹਿੰਦੀ ਹੈ ਅਤੇ ਅੰਤਰੇ ਗਾਉਣ ਲਈ ਵੱਖ-ਵੱਖ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹਰੇਕ ਅੰਤਰੇ ਤੋਂ ਬਾਅਦ ਉਸ ਤਾਲ ਦੀ ਤਿਹਾਈ ਲਗਾਉਂਦੇ ਹੋਏ ਮੁੜ ਸਥਾਈ ਵਿਚ ਮਿਲਿਆ ਜਾਂਦਾ ਹੈ। ਪੜਤਾਲ ਦੀ ਸੰਪੂਰਨ ਗਾਇਨ ਪ੍ਰਕਿਰਿਆ ਵਿਚ ਰਾਗ ਨਹੀਂ ਬਦਲਦਾ। ਪੜਤਾਲ ਸ਼ੈਲੀ ਵਿਚ ਤਾਲ ਪੱਖ ਜਾਂ ਲੈਆਤਮਕਤਾ ਦੀ ਪ੍ਰਧਾਨਤਾ ਕਾਰਨ ਇਸਦੀ ਕਾਵਿ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਬਾਣੀਆਂ ਦੇ ਗਾਇਨ ਤੋਂ ਕੁਝ ਭਿੰਨ ਹੋ ਜਾਂਦੀ ਹੈ।

**ਲੋਕ-ਗਾਇਨ ਸ਼ੈਲੀਆਂ-** ਗੁਰਬਾਣੀ ਵਿਚ ਜਿਥੇ ਸ਼ਾਸਤਰੀ ਗਾਇਨ ਸ਼ੈਲੀਆਂ ਤੇ ਆਧਾਰਿਤ ਕਾਵਿ-ਰੂਪ ਮਿਲਦੇ ਹਨ ਉਥੇ ਗੁਰਬਾਣੀ ਵਿਚ ਲੋਕ-ਕਾਵਿ ਰੂਪ ਵੀ ਪ੍ਰਾਪਤ ਹੁੰਦੇ ਹਨ। ਸੋਹਿਲਾ, ਵਾਰ, ਅਲਾਹੁਣੀਆਂ, ਛੰਤ, ਘੋੜੀਆਂ ਆਦਿ ਵਿਚ ਲੋਕ-ਗੀਤ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ।

1. **ਸੋਹਿਲੇ**- 16 ਪਦਾਂ ਦੇ ਬੰਦ ਦੀ ਰਚਨਾ ਸੋਹਿਲਾ ਅਖਵਾਉਂਦੀ ਹੈ। ਇਸ ਵਿਚ ਕੁਝ ਪਦਾਂ ਦਾ ਕ੍ਰਮ ਇਸਤੋਂ ਵੱਧ ਵੀ ਹੋ ਸਕਦਾ ਹੈ ਪਰ ਆਮ ਤੌਰ ਤੇ 16 ਪਦ ਹੀ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਮਾਰੂ ਰਾਗ ਵਿਚ ਸੋਹਿਲੇ ਦੀ ਰਚਨਾ ਹੋਈ ਹੈ।

2. **ਵਾਰ**- ਵਾਰ ਬੀਰ ਰਸੀ ਲੋਕ ਕਾਵਿ ਰੂਪ ਹੈ। ਇਸ ਵਿਚ ਕਿਸੇ ਯੋਧੇ ਜਾਂ ਸੂਰਬੀਰ ਦੀ ਸੂਰਬੀਰਤਾ ਦਾ ਵਰਣਨ ਕੀਤਾ ਜਾਂਦਾ ਹੈ। ਵਾਰ ਕਾਵਿ ਰੂਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ ਹੈ। ਗੁਰਬਾਣੀ ਵਿਚ ਵਾਰ ਕਾਵਿ ਰੂਪ ਦਾ ਪ੍ਰਯੋਗ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕੀਤਾ ਅਤੇ ਉਸਤੋਂ ਪਿਛੋਂ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਵਾਰਾਂ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਦੀ ਰਚਨਾ ਕੀਤੀ, ਗੁਰੂ ਅਮਰਦਾਸ ਜੀ ਨੇ ਚਾਰ, ਗੁਰੂ ਰਾਮਦਾਸ ਜੀ ਨੇ ਅੱਠ ਅਤੇ ਗੁਰੂ ਅਰਜਨ ਦੇਵ ਜੀ ਨੇ ਛੇ ਵਾਰਾਂ ਦੀ ਰਚਨਾ ਕੀਤੀ। ਇਸਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ। ਇਹਨਾਂ 22 ਵਾਰਾਂ ਵਿਚ 21 ਵਾਰਾਂ ਦੀ ਰਚਨਾ ਗੁਰੂ ਸਾਹਿਬਾਨਾਂ ਨੇ ਆਪ ਕੀਤੀ ਅਤੇ ਇਕ ਵਾਰ ਰਾਇ ਬਲਵੰਡ ਅਤੇ ਸੱਤੇ ਦੀ ਹੈ।

3. **ਛੰਤ-** ਵਿਆਹ ਸ਼ਾਦੀ ਦੇ ਮੌਕੇ ਤੇ ਗਾਏ ਜਾਣ ਵਾਲੇ ਲੋਕ ਕਾਵਿ ਨੂੰ ਛੰਤ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਦਰਜ ਛੰਤ ਵਿਚ ਜੀਵ ਰੂਪੀ ਇਸਤਰੀ ਦਾ ਆਪਣੇ ਪਤੀ ਪਰਮੇਸ਼ਰ ਨਾਲ ਮਿਲਾਪ ਅਤੇ ਭਾਵਾਂ ਦਾ ਚਿਤਰਣ

ਹੈ। ਸ਼ਿੰਗਾਰ ਰਸ ਦਾ ਇਹ ਨਮੂਨਾ ਗੁਰਬਾਣੀ ਵਿਚ ਰਾਗ ਗਾਉੜੀ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ, ਬਿਲਾਵਲ, ਤੁਖਾਰੀ ਆਦਿ ਰਾਗਾਂ ਵਿਚ ਦਰਜ ਹੈ।

4. **ਥਿਤੀ**– ਇਹ ਵੀ ਲੋਕ ਕਾਵਿ ਰੂਪ ਹੈ ਜਿਸਦੀ ਰਚਨਾ ਦਾ ਆਧਾਰ ਚੰਦਰਮਾਂ ਦੀ ਥਿਤੀ ਅਨੁਸਾਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ ਹਰੇਕ ਥਿਤੀ ਨੂੰ ਆਧਾਰ ਮੰਨ ਕੇ ਰਚਨਾ ਕੀਤੀ ਹੈ। ਇਸ ਰਚਨਾ ਵਿਚ ਕੁਲ 20 ਪਉੜੀਆਂ ਹਨ।

5. **ਪਹਿਰੇ–** ਪਹਿਰੇ ਦਾ ਅਰਥ ਦਿਨ ਦਾ ਚੌਥਾ ਭਾਗ ਹੈ। ਜਿਸਤਰ੍ਹਾਂ ਦਿਨ ਅਤੇ ਰਾਤ ਨੂੰ ਚਾਰ–ਚਾਰ ਪਹਿਰਿਆਂ ਵਿਚ ਵੰਡਿਆਂ ਗਿਆ ਹੈ ਉਸੇਤਰ੍ਹਾਂ ਗੁਰਬਾਣੀ ਵਿਚ ਪਹਿਲਾ ਪਹਿਰ ਬਚਪਨ, ਦੂਜਾ ਜਵਾਨੀ, ਤੀਜਾ ਮੱਧ–ਉਮਰ ਅਤੇ ਚੌਥਾ ਬੁਢਾਪਾ ਨਾਲ ਸੰਬੰਧ ਕਰਕੇ ਪਹਿਰਿਆਂ ਦੀ ਰਚਨਾ ਹੋਈ ਹੈ ਜਿਸਦਾ ਮਨੋਰਥ ਪ੍ਰਭੂ ਪਰਮੇਸ਼ਰ ਨਾਲ ਮਿਲਾਪ ਦਰਸਾਇਆ ਹੈ। ਪਹਿਰੇ ਦਾ ਵਰਣਨ ਸਿਰੀ ਰਾਗ ਵਿਚ ਹੋਇਆ ਹੈ। ਇਸਦਾ ਗਾਇਨ ਸੂਰਜ ਛਿਪਣ ਸਮੇਂ ਕੀਤਾ ਜਾਂਦਾ ਹੈ।

6. **ਅਲਾਹੁਣੀਆਂ**– ਅਲਾਹੁਣੀਆਂ ਮੌਤ ਨਾਲ ਸੰਬੰਧਤ ਲੋਕ ਕਾਵਿ ਰੂਪ ਹੈ। ਗੁਰਬਾਣੀ ਵਿਚ ਮੌਤ ਨੂੰ ਅਟੱਲ ਸੱਚਾਈ ਦੱਸਦੇ ਹੋਏ ਇਸਨੂੰ ਹਮੇਸ਼ਾ ਯਾਦ ਰੱਖਣ ਅਤੇ ਪ੍ਰਭੂ ਨਾਮ ਦਾ ਸਿਮਰਨ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਇਸ ਕਾਵਿ ਰੂਪ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਰਾਗ ਵਡਹੰਸ ਅਧੀਨ ਕੀਤੀ ਹੈ।

7. **ਬਾਰਹ ਮਾਹ**– ਬਾਰਹ ਮਾਹ ਲੋਕ ਗੀਤਾਂ ਦਾ ਹੀ ਇਕ ਪ੍ਰਕਾਰ ਹੈ। ਜਿਸਤਰ੍ਹਾਂ ਪ੍ਰੇਮਿਕਾ ਦੀ ਬਿਰਹਾ ਤੇ ਅਨੁਭਵਾਂ ਦਾ ਵਰਣਨ ਕਵੀਆਂ ਨੇ ਛੇ ਰੁੱਤਾਂ ਅਨੁਸਾਰ ਕੀਤਾ ਹੈ ਉਸੇਤਰ੍ਹਾਂ ਗੁਰਬਾਣੀ ਵਿਚ ਬਾਰਹ ਮਾਹ ਵਿਚ ਹਰੇਕ ਮਹੀਨੇ ਅਨੁਸਾਰ ਪ੍ਰਭੂ ਪਰਮੇਸ਼ਰ ਦੇ ਪ੍ਰੇਮ ਵਿਚ ਵਿਯੋਗ ਦਾ ਵਰਣਨ ਹੈ। ਬਾਰਹ ਮਾਹ ਵਿਚ ਗਿਆਰਾਂ ਮਹੀਨੇ ਵਿਚ ਵਿਯੋਗ ਦਾ ਵਰਣਨ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਆਨੰਦ ਦਾ ਵਾਤਾਵਰਣ ਉਤਪੰਨ ਹੁੰਦਾ ਹੈ।

8. **ਆਰਤੀ–** ਪ੍ਰਭੂ ਦੀ ਅਰਾਧਨਾ ਲਈ ਆਰਤੀ ਦਾ ਗਾਇਨ ਇਕ ਸਧਾਰਨ ਧੁਨ ਵਿਚ ਹੁੰਦਾ ਹੈ। ਇਸਦੀ ਗਾਇਨ ਸ਼ੈਲੀ ਸਰਲ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਧਨਾਸਰੀ ਵਿਚ ਆਰਤੀ ਬਾਣੀ ਦੀ ਰਚਨਾ ਕੀਤੀ ਜਿਸ ਵਿਚ ਬ੍ਰਹਮ ਦੇ ਵਿਰਾਟ ਰੂਪ ਦਾ ਵਰਣਨ ਹੈ।

**ਰਾਗੁ ਧਨਾਸਰੀ ਮਹਲਾ 1**

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥

ਉਪਰੋਕਤ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਗੁਰਬਾਣੀ ਦੇ ਸੰਦਰਭ ਵਿਚ ਅਧਿਐਨ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਜਿਥੇ ਇਹ ਪਰੰਪਰਾਗਤ ਸ਼ੈਲੀਆਂ ਸੰਗੀਤ ਪੱਖੋਂ ਮਹੱਤਵਪੂਰਨ ਹਨ ਉਥੇ ਗੁਰਬਾਣੀ ਵਿਚ ਅਧਿਆਤਮਕ ਵਿਸ਼ਿਆਂ ਦੀ ਰਚਨਾ ਕਰਕੇ ਗੁਰੂ ਸਾਹਿਬਾਨਾਂ ਨੇ ਵਿਲੱਖਣਤਾ ਪ੍ਰਦਾਨ ਕੀਤੀ ਹੈ।

**ਸਹਾਇਕ ਪ੍ਰੋਫੈਸਰ ਸੰਗੀਤ, ਬਾਬਾ ਅਜੈ ਸਿੰਘ ਖਾਲਸਾ ਕਾਲਜ**
**ਗੁਰਦਾਸ ਨੰਗਲ, ਗੁਰਦਾਸਪੁਰ ਫੋਨ– 9464265464**

# संगीत कला में सौन्दर्यारसानुभूति

**कोमल रानी**

**रिसर्च स्कोलर,**

**एम.डी.यू. यूनिवर्सिटी, रोहतक**

**(म्यूजिक डिपार्टमैंट)**

प्राचीन काल से ही मनुश्य ललित कलाओं के माध्यम से अपने भावों की अभिव्यक्ति करता आ रहा हैं सभी ललित कलाओं में संगीत को सर्वश्रेश्ठ स्थान दिया गया हैं षब्दों के अभाव में भी मात्र स्वरों के विषिश्ट संयोजन से ही संगीत में सौन्दर्याभिव्यक्ति संभव हैं भारतीय परंपरा में प्राचीन काल से ही संगीत का अध्यात्म से गहन संबंध रहा हैं संगीत को स्वयं ईष्वर से संबंधित बताया गया हैं संगीत का आधार 'नाद' हैं इसे ही 'नाद ब्रह्म' कहा गया हैं प्राचीन भारतीय परंपरा में संगीत का स्वरूप आध्यात्मिक होने के कारण ही इसे मोक्ष प्राप्ति का साधन माना जाता थां संगीत में आहत नाद का प्रयोग होता हैं इसे ही संगीतोपयोगी नाद कहा गया हैं संगीतोपयोगी नाद मात्र ध्वनि नहीं है अपितु नियमित एवं स्थिर आंदोलन संख्या वाली मधुर ध्वनि हैं नाद से श्रुति, श्रुति से स्वर तथा स्वर के विषिश्ट संयोजन से राग की उत्पत्ति होती हैं स्वर का विषिश्ट गुण है 'रंज्जकता' स्वर रंज्जक होने का कारण स्वतः ही आनंदमयी होते हैं यह स्वर ही राग संगीत का स्रोत है, अतः हम देखते हैं कि संगीत कला की नींव ही सौंदर्यानुभूति तत्व पर आधारित हैं स्वर, लय, ताल का - ५ - विषिश्ट संयोजन ही संगीत में सौन्दर्य की उत्पत्ति का आधार हैं ऋग्वेद में सौन्दर्यानुभूति को 'श्री' कहा गया हैं इसके अलावा कान्त, मनोरमं, रुचिरं, ललित, दिव्य आदि षब्दों का उल्लेख भी मिलता हैं अंग्रेज़ी में इसे „Beauty" कहा गया हैं ललित कलाओं में निहित सौन्दर्यानुभूति का सैद्धांतिक विष्लेशण करने हेतु ही इसे एक षास्त्र के रूप में मान्यता प्रदान करते हुए सौन्दर्यानुभूति षास्त्र (aesthetics) कहा गयां

भारतीय कला सौन्दर्य परंपरा मूलतः आध्यात्मिक होने के कारण सत्यं, षिवं, सुंदरम की अवधारणा पर आधारित है जो स्वयं में कल्याणकारी तथा आनंदमयी हैं

1

**संकेत षब्द**

भारतीय, परम्परा, सौन्दर्यानुभूति, संगीत, कला, अवधारणा, रसं

सौंदर्यानुभूति एक ईष्वरीय गुण हैं भगवान श्री कृश्ण ने कहा है – विष्व के समस्त सौन्दर्य में मेरा ही तेज विद्यमान हैं ललित कलाएँ मनुश्य की नैसर्गिक सौन्दर्याभिव्यक्ति का आधार हैं समस्त कलाओं की अभिव्यक्ति का प्रेरणा स्रोत मनुश्य की सौन्दर्यप्रियता ही हैं ललित कलाएँ मनुश्य की सौन्दर्य चेतना की प्रतीक हैं सभी ललित कलाओं में अभिव्यक्ति के माध्यम की सूक्ष्मता के आधार पर संगीत को श्रेश्ठ स्थान दिया गया हैं संगीत कला का सौंदर्य दिव्य है जहाँ संगीत है, वहाँ ईष्वर का वास हैं भारतीय संगीत का आधार नाद है, जिसे नाद ब्रह्म की संज्ञा दी गयी है यही आदिनाद 'ऊँ' पूरे ब्रह्माण्ड में व्याप्त हैं यही कारण है कि प्राचीन भारतीय परम्परा में संगीत को मोक्ष प्राप्ति का साधन माना जाता थां

संगीत षास्त्रों में ब्रह्मा की प्राप्ति के लिये नादोपासना का मार्ग बताया गया है तथा इस सारी सृश्टि को ही 'नादात्मक' कहा गया है –

'न नादेन बिना गीत न नादेन बिना स्वराः
न नादेन बिना नृत तस्मान्नादात्मंक जगत्
नादरूपोः स्मृतो ब्रह्मा नादरूपो जनार्दनः
नादरूपा पराषक्तिर्नादरूपो महेष्वरः

नाद से ही श्रुति तथा श्रुति से स्वर की उत्पत्ति हुई हैं स्वरों के विषिश्ट–संयोजन से राग का सृजन होता हैं संगीत ग्रंथों में स्वर के लिए ''श्रुत्यंतर भावी यः स्निग्धोष्नुरणात्मकः, रंज्जकों जन चित्ताना सः रागः कथितौ बुधैः आदि परिभाशाएँ दी गयी हैं इनसे यह विदित होता है कि स्वर में स्निग्धताः, अनुसरण, प्रकाषमान, स्पश्ट व रंज्जकता निहित है और इन्हीं विषेशताओं युक्त स्वरों से राग की रचना होती हैं स्वर रंज्जक होने के कारण स्वतः ही आनंददायी होते हैं ये स्वर ही राग संगीत का स्रोत हैं अतः हम कह सकते हैं कि संगीत कला की नींव है सौन्दर्यतत्व पर आधारित हैं संगीत में निहित रंज्जक तत्व ही सौन्दर्य का प्रतीक हैं राग रचना मे ं आरोह–अवरोह के रूप में ली गई अनेक स्वर संगतियों में 'काकु'

प्रयोग के साथ मधुर ध्वनि प्रवाह, स्वरात्मक लय तथा लयात्मक स्वर आदि ही मिलकर संगीत का निर्माण करते हुए उसमें निहित सौन्दर्य तत्व का श्रव्य रूप में अनुभव कराते हैं अतः हम कह सकते हैं कि स्वर व लय की विषिश्ट संयोजना द्वारा ही संगीत में सौन्दर्य का जन्म होता हैं

भारतीय परंपरा में ऋग्वेद में सौन्दर्य को 'श्री' नाम से सम्बोधित किया गया है, इसके अतिरिक्त 'श्रिय' आदि षब्दों का भी प्रयोग मिलता हैं अमर कोश में सुन्दर षब्द तथा उसके अनेक पर्याय षब्द मिलते हैं

यथा –

''सुन्दर रूचिरं चारू, सुशमं, साधु, षोभनम्
कान्त, मनोरम्, रूच्यं मनोज्ञं, मंजु, मंजुलम,
अभीश्टेभीप्स्तिं, हदयं, दयितं, वल्लभं, प्रियंम्''

इसके अतिरिक्त ललित, सुश्ठु काम्य, कमनीय, दिव्य आदि षब्दों का भी प्रयोग 'सौन्दर्य' षब्द के पर्याय के रूप में किया गया हैं

अंग्रेजी में सौन्दर्य का वाचक षब्द है – Beauty, Beauty का अर्थ है "Any of those attributes of form, sound, colour, execution, character, behavior etc. which give pleasure and gratification to the sense or to the mind, a person or thing possessing this" (आकृति, रूप, ध्वनि, रंग, प्रस्तुतिकरण, चरित्र, व्यवहार आदि जो इन्द्रियों अथवा मन को आनंद तथा संतोश प्रदान करें अथवा ऐसे गुण से सम्पन्न कोई व्यक्ति अथवा वस्तु)

ललित कलाओं में निहित सौन्दर्य का तात्विक विवेचन करने तथा उसके आधार पर सिद्धांतों का निरूपण करने हेतु ही 'सौन्दर्यषास्त्र' (aesthetics) की व्युत्पत्ति हुई तथा इसे एक षास्त्र के रूप में मान्यता प्रदान की गईं Aesthetics का षाब्दिक अर्थ है "The Science of the Beauty in art and nature" अर्थात कला व प्रकृति के सौंदर्य का विज्ञान या षास्त्रं इससे पहले पाष्चात्य परम्परा में सौन्दर्य का विवेचन दर्षन की एक षा खा के रूप में होता थां

3

भारतीय सौंदर्य दर्षन मूलतः आध्यात्मिक हैं सौन्दर्य षब्द की चर्चा करते हुए सत्यं, षिवं, सुंदरम व सच्चिदानंद षब्द सहज ही सामने आते हैं सत्यं, षिवं सुंदरम व सच्चिदानंद के गुण हैं इसमें सुंदरम का स्थान सबसे आगे हैं सुन्दरम् के अन्तर्ग त ही सत्य एवं षिव का समागम हैं जो सुन्दर है उसका अस्तित्व है, वहीं 'सत्य' है, सुन्दरम में आनंद प्रदायनी क्षमता हैं, जो आनंदमयी है वो स्वतः ही कल्याणकारी हैं यही 'षिव' हैं सुन्दरम् की अनुभूति ही आनंद की अनुभूति है संगीत कला जब अपने सूक्ष्म सौंदर्य से श्रोताओं को अवधानमग्न और तन्मय कर देती है तभी परम् सुन्दरम की स्थिति आती है और परमानंद की अनुभूति होती हैं विविध भावों से परे इसे सर्वोत्कृश्ट सौन्दर्यानुभूति की परमानंद अवस्था को ही, आचार्य अभिनवगुप्त ने रसानुभूति का 'चरम तल' तथा विष्वनाथ ने 'ब्रह्मानंद सहोदर' कहा हैं

भारतीय परंपरा में 'रस' को सौन्दर्य का पर्याय माना गया हैं रस का सम्बन्ध आनंद से है ललित कलाओं की विषेशता है आनंद प्रदान करनां कला द्वारा निर्मित रस प्रकृति द्वारा उत्पन्न पदार्थों के रस से भिन्न हैं

सभी कलाओं में कलाकार के हृदय में अपनी कला के प्रति एक भावना होती है जो आध्यात्मिकता से परिपूर्ण होती हैं प्रत्येक कला का उद्देष्य आत्मोन्नति, मोक्ष प्राप्ति, सामाजिक उत्कर्श तथा लोकरंजन से जुड़ा होता हैं आत्मोन्नति एवं मोक्ष प्राप्ति को कला का लक्ष्य मानने से उसका संबंध स्वतः ही मानव के उस आत्मिक एवं मानसिक बल से जुड़ जाता है यही कारण है कि कला को विचारों की अभिव्यक्ति का सषक्त माध्यम कहा गया हैं भारतीय परम्परा में सौन्दर्यानुभूति ही रसानुभूति है अभिव्यक्ति के स्तर पर सौन्दर्य तथा अनुभूति के स्तर पर आनंदं रस, श्रृंगार, हास, करूण, षोक आदि ही नहीं ब ल्कि भयानक रौद्र, अद्भुत, वीभत्स आरि रसों से युक्त आदि मानसिक विचारों को भी 'भय' के घेरे से दूर रहकर उनका रसास्वादन सौंदर्यात्मक रूप में कराता हैं जैसे संगीत कला में करूण भाव के प्रस्तुतीकरण में कलाकार स्वयं पीड़ित नहीं हो उठता वरन विभिन्न अलंकार एवं संगीत के घटकों, काकू प्रयोगों द्वारा आलाप बन्दिष आदि को इस प्रकार भावों से ओतप्रोत कर देता है कि सहृदय श्रोताओं को भी कलाकार की मानसिक स्थिति के साथ तादात्म्य होने के कारण उन्हें भी एक समान भावानुभूति होती हैं तादात्म्य होने की यही अवस्था रसानु भूति अथवा

4

सौन्दर्यानुभूति हैं सभी प्रकार के विचारों और उनके लिए निमित्त रसों का आस्वादन कराने की क्षमता एक कुषल कलाकार में होती हैं उसका कारण यह  है कि कलाकार सहनषील व सहृदय होने के कारण प्रत्येक वस्तु व्यक्ति या कथन की गहराई तक पहुँचने का प्रयास करता हैं स्वार्थ परता से दूर रहकर आत्मा का ब्रह्मा की सिद्धि में एवं वास्तविकता में विष्वास रखते हुए, बहिरंग के साथ अंतरंग को भी जांचता परखता है तथा बिना किसी की परवाह किए निस्संकोच मुक्त रूप से भावाभिव्यक्ति करता है और इस प्रकार हर तरह से मानसिक विचारों भावों व रसों का अनुभव कलात्मक एवं सौन्दर्यात्मक रूप में स्वयं भी करता है व दूसरों को भी कराता हैं

सौन्दर्यानुभूति की उपलब्धि अंतः और बाह्य दोनों ही कारणों से मानी जा सकती है यह आवष्यक नहीं है कि कोई सुंदर वस्तु सभी को सुन्दर प्रतीत हों सौन्दर्यानुभू ित अनुभवनिश्ट भी हो सकती हैं कमल अथवा गुलाब का फूल, नदी का कल–कल कर बहना, झरने का गिरना सभी को सुंदर लगा सकता है किन्तु मानवीय भावनाओं के आधार पर देखा जाए तो प्रत्येक व्यक्ति को अपना आराध्य देवी देवता, प्रत्येक माँ को अपना बालक एवं प्रियजन रूपवान अथवा कुरूप होने पर भी सुन्दर प्रतीत होता है क्योंकि यहाँ प्रेम ही प्रधान भाव बनकर सौन्दर्यानुभूति का अनुभव करा देता हैं इस प्रकार यह कहा जा सकता है कि सौन्दर्यानुभूति केवल वस्तु का गुण नहीं है अपितु मानसिक प्रतीति भी हैं

विद्वानों ने सौन्दर्यानुभूति का संबंध रस के साथ जोड़ते हुए उसे आनंद का मूलभूत तत्व बताया है रस निश्पत्ति के लिए संवेगात्मक प्रभाव उत्पन्न करने में संगीत की प्रमुख भूमिका रहती है सौन्दर्यानुभूति के निर्माण में माधुर्य ओज एवं प्रसाद इन तीन गुणों का समावेष रहता है माधुर्य – मिठास, कोमलता एवं प्रेम की भावना से हृदय को कोमल एवं द्रवित करने वाला, ओज–वीरता व षूरता की भावना भरने वाला तथा प्रसाद – मोहक स्पश्ट, सरल व षाँतचित्त की भावना को व्यक्त करने वाला है, इनके अन्तर्गत ही संगीत के माध्यम से सूक्ष्म या स्थूल रूप में अभिव्यक्ति की अनेक सुंदर धाराएँ प्रवाहित होती हैं

ललित कलाओं को सौन्दर्यानुभूति का साक्षात स्वरूप कहा गया हैं ये आनन्दात्मक होने के कारण ऐन्द्रिय सुख के साथ मानसिक, भावनात्मक एवं आध्यात्मिक सुख भी प्रदान करती हैं ललित कलाओं की अभिव्यक्ति से जो रस उत्पन्न होता है उसे कलात्मक अनुभू ति कहा गया हैं कलात्मक रचना द्वारा रस की प्राप्ति मानवीय सृश्टि एवं प्रयत्नों का फल हैं ललित कलाएँ सौन्दर्याभिव्यक्ति का वो माध्यम है जो अलौकिक आनंद प्रदान करती हैं

भावों की अभिव्यक्ति में अन्य कलाओं की अपेक्षा संगीत कला का क्षेत्र अत्यंत व्यापक हैं संगीत मात्र ध्वनि के सुन्दर संयोजन द्वारा ही सभी प्रकार के भावों की अभिव्यक्ति में सक्षम हैं ध्वनि जब स्थिर नियमित स्पश्ट, मधुर एवं संगीतोपयोगी हो जाती है तब वह स्वर में परिणित हो जाती हैं स्वर के षुद्ध तथा विक्रत दोनों ही रूप संगीत में सौन्दर्याभिव्यक्ति में सहायक होते हैं रा ग भारतीय संगीत की अनुपम निधि हैं राग स्वर वर्ण से अलंकृत विषिश्ट स्वरावली है जो रंज्जक तथा आनंद प्रद हैं राग में सौन्दर्य के अनंत रहस्य निहित हैं एक राग अनेक बार सुनने पर भी सुन्दर एवं मनोहारी प्रतीत होता हैं राग भारतीय संगीतज्ञों की सुविकसित, परिश्कृत, सूक्ष्म सौन्दर्यभावना का प्रतीक हैं राग का स्वर वर्ण से विभूशित 'ध्वनिविषेशस्तु' अंग उसके रूप सौंदर्य से संबंधित है तो उसका 'रंज्जकत्व' तत्व अंतः सौन्दर्य से संबंधित हैं राग के विस्तार में स्वरों के विविध लगाव, आलाप, तान, वादी, संवादी विवादी स्वरों का उचित संयोजन, कण, मुर्की, मीड़, खटका, गमक आदि अलंकरणों का प्रयोग, राग भाव के अनुसार ताल का सही निर्धारण तथा उचित लयों का प्रयोग उसके सौन्दर्य वृद्धि में सहायक होते हैं इस प्रकार स्वर लहरियों की अविरलता तथा स्वर, ताल, लय का अपूर्व संयोजन ही संगीत का सौन्दर्य आदर्ष है जो सुनने वाले को विषिश्ट आनंदानुभूति कराता हैं यही सौन्दर्यानुभूति हैं कलाकार द्वारा जब किसी राग की अवतारणा की जाती है तो कलाकार, कलाकृति एवं श्रोता इन तीनों के बीच एक सम्बन्ध स्थापित हो जाता हैं गायक अथवा वादक अपनी कल्पना के सहारे रचना को सुन्दर स्वर लहरियों से संवरता है तथा विस्तारित करता जाता है तथा श्रोता अपनी मनोस्थिति के अनुसार उसका रसास्वादन करता जाता हैं कलाकार की भावाभिव्यक्ति तथा श्रोता की भावानुभूति की इस प्रक्रिया के बीच में 'सौन्दर्य' अपना स्थान बना लेता हैं इस प्रकार हम कह सकते हैं कि कलाकार के अर्न्तमन में

स्थित सौंदर्य की कल्पना का बाह्स सौन्दर्य के साथ सामंजस्य, निर्मित कलाकृति में उस सौन्दर्य का आविर्भाव तथा श्रोता के मन में सौन्दर्य का अनुभव इन तीनों (कलाकार, कलाकृति तथा सहृदय) के समन्वित रूप में ही सौंदर्य निहित हैं कलाकार अपनी कलाकृ ति द्वारा आनंद एवं वेदना दोनों प्रकार के भावों को अभिव्यक्त करने में सक्षम हैं कोई शृंगारिक अथवा षांत रस से परिपूर्ण रचना यदि श्रोता के मन को आनंदित करती है उतना ही आनंद कोई विरह गीत या करूण रस से परिपूर्ण रचना भी प्रदान कर सकती हैं उचित स्वर सन्निव`ष भावों के अनुसार काकु प्रयोग श्रोता के चित्त को आल्हादित करने की क्षमता तथा कल्पना का प्रयोग किसी भी रचना को हृदयग्राही बना सकता हैं संगीत रचना के बाह्य तथा आंतरिक दोनों स्वरूपों को उभारना व श्रोताओं को स्वर लहरियों के सागर में विहार कराना ही यदि कलाकार का लक्ष्य हो, और वह इसमें सफल हो तभी सौंदर्यषास्त्र की दृश्टि से वह उत्कृश्ट कला कही जा सकती हैं

वाद्य संगीत पदविहीन होने के उपरांत भी स्वरों के सुनियोजित एवं सुन्दर संयोजन के कारण आनंदानुभूति के एक विषिश्ट वातावरण का निर्माण कर देता हैं श्रोतागण ा तन्मय होकर उस वातावरण में विषेश सौन्दर्यात्मक तत्वों के निहित होने के कारण उसका रसास्वादन करने को बाध्य हो जाता हैं यही सौन्दर्यात्मक तत्व कला को 'सत्य' ब्रह्म या मोक्ष प्राप्ति की ओर ले जाते हैं श्रोताओं की तन्मयता ही इस बात की घोतक होती है कि उस समय श्र ोता अचेतन होते हुए भी चेतन तथा निश्क्रिय होते हुए भी सक्रिय रहता हैं श्रोताओं को आनंद के चरमोत्कर्श तक ले जाने वाला यही भाव सौन्दर्य के षास्त्रीय लक्षणों से युक्त माना जा सकता हैं इन लक्षणों के अन्तर्गत, सम्मात्रा ( Symmetry), संगति (Harmony), संतुलन (Balance), सुव्यवस्था (Order), विविधता (Variety), औचित्य (Propriety), स्पश्टतया सौम्यता (Simplcity), आदि अपना महत्त्वपूर्ण स्थान रखते हैं संगीत कला में सौन्दर्य के षास्त्रीय नियमों लक्षणों के पालन से, सौन्दर्य उपादानों के समुचित प्रयोग से, कलाकार की सुन्दर एवं सफल अभिव्यक्ति से, अनुकूल वातावरण में, श्रोता के सहृदय एवं ग्रहणषील होने पर संगीत कलाकृति से जो विलक्षण आनंद की अनुभूति होती है वही सौन्दर्यानुभूति हैं संगीत कला से प्राप्त आनंद मूलतः विषुद्ध ही होता हैं

# राग विमल भैरव

Gurbux Singh

इस अप्रचलित राग का ठाठ भैरव है, एवं यह राग सुबह के समय गाया जाता है। इस राग का वादी स्वर पंचम एवं संवादी स्वर ऋषभ है। इस राग की जाति औडव – औडव है। इस राग में मध्यम और धैवत स्वर वर्जित तथा ऋषभ एवं निषाद स्वर कोमल हैं। इस राग में तीन रागों का सुंदर मिश्रण है, पूर्वांग में सा नि़ रे ग में अहीर भैरव का दर्शन होता है, मध्य सप्तक में सा रे ग प विभास और उत्तरांग में प नि सां रें सां बैरागी (रेवती) का चलन मालूम पड़ता है। इस लिए इस राग के दूसरे नाम अहीर बैरागी, विभावती तथा विभावरी हैं। कुशल गायक इसमें श्री का भी अंग दिखा सकते हैं जैसे – सा –ग रे ग रे प। इस राग में गंधार प्रबल है। उस्ताद बदरुल ज़मा कृत पुस्तक नव – ए – मौसीकी में इस राग का नाम सूरज कली है।

**आरोह :** सा रे ग प, नि सा

**अवरोह :** सां नि प ग, रे – सा

**मुख्य अंग :** प़ नि़ सा रे ग प – नि प ग – रे – सा

**चलन :** सा – नि़ नि़ प़ – नि़ – सा, सा नि़ प़ नि़ रे – सा सा नि़ प़ – ग़ प़ – नि़ – सा, सा रे ग – रे – सा, सा रे ग प – ग प ग – ग रे ग प – प नि प – ग प ग रे सा, ग प ग प नि प ग प – प नि प नि सां, सां नि प ग प नि प नि सां, सां रें नि सां, सां नि प नि सां रें – नि सां, सां रें गं रें नि सां सां नि प ग प ग ग रे – रे रे प – ग रे – नि़ प़ नि़ सा।

## विमल भैरव (तीन ताल)

*कबीर लागी प्रीति सुजान सिउ बरजै लोगु अजानु।।*
*ता सिउ टूटी किउ बनै जा के जीउ परान।।*
*(श्लोक कबीर जीउ) अंग १३७६*

### स्थाई

| | | | | | | | | | | | | | | | |
|---|---|---|---|---|---|---|---|---|---|---|---|---|---|---|---|
| – | प | ग | प | नि | प | ग | प | ग | – | – | प | गग | रे | – | – |
| ऽ | ला | गी | ऽ | प्री | ऽ | त | सु | जा | ऽ | ऽ | न | सिउ | ऽ | ऽ | ऽ |
| – | नि़ | प़ | नि़ | सा | – | सा | रे | ग | – | रे | ग | रे | – | सा | – |
| ऽ | ब | र | जै | लो | ऽ | ग | अ | जा | ऽ | न | क | बी | ऽ | र | ऽ |
| ० | | | | ३ | | | | x | | | | २ | | | |

– ४ –

### अंतरा

| | | | | | | | | | | | | | | | |
|---|---|---|---|---|---|---|---|---|---|---|---|---|---|---|---|
| – | प | ग | पप | नि | प | नि | – | सांसां | – | रें | गं | रें | – | सां | – |
| ऽ | ता | ऽ | सिउ | टू | ऽ | टी | ऽ | किउ | ऽ | ऽ | ब | नै | ऽ | ऽ | ऽ |
| – | सां | – | नि | प | – | ग | प | ग | – | – | प | ग | रे | सा | – |
| ऽ | जा | ऽ | के | जी | ऽ | अ | प | रा | ऽ | ऽ | ऽ | न | ऽ | ऽ | ऽ |
| ० | | | | ३ | | | | x | | | | २ | | | |

Email:gurbuxsingh@gmail.com

# ਤਿੰਨ ਤਾਲ:ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਸਿੱਖਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 09** ਦੇ ਰਿਹਾ ਹਾਂ। ਜਿਸ ਦਾ ਇਜ਼ਾਫ਼ਾ 10 ਬੰਧਾਂ ਜ਼ਰੀਏ ਕੀਤਾ ਹੈ। ਇਹ ਕਾਇਦਾ ਚੰਪਕ ਮਾਲਾ ਛੰਦ ਤੇ ਅਧਾਰਿਤ ਹੈ। ਇਸ ਕਾਇਦੇ ਦਾ ਢਾਂਚਾ ਇਸ ਪ੍ਰਕਾਰ ਹੈ- ਪਹਿਲੇ ਹਿੱਸੇ ਵਿੱਚ ਤਿੰਨ ਮਾਤਰਾ ਦਾ ਬੋਲ ਹੈ ਅਤੇ ਪੰਜ ਮਾਤਰਾ ਦੀ ਰਦੀਫ਼ ਖਾਲੀ ਹੈ। ਦੂਜੇ ਹਿੱਸੇ ਵਿੱਚ ਤਿੰਨ ਮਾਤਰਾ ਦਾ ਬੋਲ ਖਾਲੀ ਹੈ ਪਰ ਰਦੀਫ਼ ਭਰੀ ਹੈ। ਦੋਹਰੀ ਚਾਲ ਵਿੱਚ ਰਦੀਫ਼ ਦਾ ਪੱਲਾ ਢਾਈ ਮਾਤਰਾ ਦਾ ਹੈ ਜਿਸ ਨੂੰ ਸੰਭਾਲਣ ਲਈ ਇਕਾਗਰਤਾ ਦੀ ਬੜੀ ਲੋੜ ਹੁੰਦੀ ਹੈ। ਕਰੜੇ ਰਿਆਜ਼ ਨਾਲ ਇਹ ਕਾਇਦਾ ਸਿੱਧ ਹੋ ਜਾਂਦਾ ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਕਾਇਦਾ # 09**

ਧਾਤਿਰ ਕਿਟਧਿ ਨਗ ਘਿੜ ਨਗ ਤ੍ਤਿ ਨ੍ਤਿ ਨਕ ।
ਤਾਤਿਰ ਕਿਟਤਿ ਨਕ ਘਿੜ ਨਗ ਤ੍ਧਿ ਨਗ੍ ॥

**ਦੋਹਰਾ**

ਧਾਤਿਕਿਟਧਿ ਨਗਘਿੜ ਧਾਤਿਰਕਿਟਧਿ ਨਗਘਿੜ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ।
ਤਾਤਿਰਕਿਟਤਿ ਨਕਕਿੜ ਤਾਤਿਰਕਿਟਤਿ ਨਕਕਿੜ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 1**

ਧਾਤਿਰਕਿਟਧਿ ਨਗਘਿੜ ਨਗਧਾਤਿਰ ਕਿਟਧਿਨਗ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
ਤਾਤਿਰਕਿਟਤਿ ਨਕਕਿੜ ਨਕਤਾਤਿਰ ਕਿਟਤਿਨਕ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ॥

**ਬੰਧ # 2**

ਧਾਤਿਰਕਿਟਧਿ ਨਗਧਾਤਿਰ ਕਿਟਧਿਨਗ ਘਿੜਨਗ, ਧਾਤਿਰ ਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ।
ਤਾਤਿਰਕਿਟਤਿ ਨਕਤਾਤਿਰ ਕਿਟਤਿਨਕ ਕਿੜਨਕ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 3**

ਘਿੜਨਗ ਧਾਤਿਰਕਿਟਧਿ ਨਗਧਾਤਿਰ ਕਿਟਧਿਨਗ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ।
ਕਿੜਨਕ ਤਾਤਿਰਕਿਟਤਿ ਨਕਤਾਤਿਰ ਕਿਟਤਿਨਕ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ॥

RNI Regd.No. 46788/89 ISSN 0972-2335

**ਬੰਧ # 4**
ਧਾਤਿਰਕਿਟਧਿ ਨਗਧਾਤਿਰ ਕਿਟਧਿਨਗ ਧਾਤਿਰਕਿਟਧਿ, ਨਗਘਿੜ ਨਗਘਿੜ ਨਗਤ੍ਤਿ ਨ੍ਤਿਨਕ ।
ਤਾਤਿਰਕਿਟਤਿ ਨਕਤਾਰਿ ਕਿਟਤਿਨਕ ਤਾਤਿਰਕਿਟਤਿ, ਨਗਘਿੜ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 5**
ਧਾਤਿਰਕਿਟਧਿ ਨਗਘਿੜ ਨਗ-ਧਿ ਘਿੜਨਗ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
ਤਾਤਿਰਕਿਟਤਿ ਨਕਕਿੜ ਨਕ-ਤਿ ਕਿੜਨਕ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 6**
ਧਾਤਿਰਕਿਟਧਿ ਨਗਘਿੜ ਨਗ-ਤਿਰ ਕਿਟਧਿਨਗ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
ਤਾਤਿਰਕਿਟਤਿ ਨਕਕਿੜ ਨਕ-ਤਿਰ ਕਿਟਤਿਨਕ, ਧਾਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 7**
ਧਾਤਿਰਕਿਟਧਿ ਨਗਘਿੜ ਨਗ-ਤਿਰ ਕਿਟਧਿਨਗ, -ਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
ਤਾਤਿਰਕਿਟਤਿ ਨਕਕਿੜ ਨਕ-ਤਿਰ ਕਿਟਤਿਨਕ, -ਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 8**
-ਤਿਰਕਿਟਧਿ ਨਗ-ਤਿਰ ਕਿਟਧਿਨਗ, ਘੜਨਗ, ਧਾਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
-ਤਿਰਕਿਟਤਿ ਨਕ-ਤਿਰ ਕਿਟਤਿਨਕ ਕਿੜਨਗ, ਧਾਤਿਰਕਿਧ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 9**
-ਤਿਰਕਿਟਧਿ ਨਗ-ਤਿਰ ਕਿਟਧਿਨਗ -ਤਿਰਕਿਟਧਿ, ਨਗਘਿੜ ਨਗਘਿੜ ਨਗਤ੍ਤਿ ਨ੍ਤਿਨਕ।
-ਤਿਰਕਿਟਤਿ ਨਕ-ਤਿਰ ਕਿਟਤਿਨਕ -ਤਿਰਕਿਟਧਿ, ਨਗਘਿੜ ਨਗਘਿੜ ਨਗਤ੍ਧਿ ਨ੍ਧਿਨਗ ॥

**ਬੰਧ # 10**
ਘਿੜਨਗ -ਤਿਰਕਿਟਧਿ ਨਗ-ਤਿਰ ਕਿਟਧਿਨਗ, -ਤਿਰਕਿਟਧਿ ਨਗਘਿੜ ਨਗਤ੍ਤਿ ਨ੍ਤਿਨਕ ।
ਕਿੜਨਕ -ਤਿਰਕਿਟਤਿ ਨਕ-ਤਿਰ ਕਿਟਤਿਨਕ, -ਤਿਰਕਿਟਧਿ ਨਗਘਿੜ ਨਗਤ੍ਧਿ ਨ੍ਧਿਨਗ ॥

**ਕਾਇਦੇ ਦਾ ਮੁਕਾਮ ਚਕਰਦਾਰ (ਚਕਰਦਾਰ ਤਿਹਾਈ)**
ਘਿੜਨਗ ਧਾਤਿਰਕਿਟਧਿ ਨਗਧਾਤਿਰ ਕਿਟਧਿਨਗ, ਘਿੜਨਗ ਧਾ- ਨ੍ਘਿੜ ਨਗਧਾ -ਨ੍ ਘਿੜਨਗ ਧਾ-, ਘਿੜਨਗ ਧਾਤਿਰਕਿਟਧਿ ਨਗਧਾਤਿਰ ਕਿਟਧਿਨਗ, ਘਿੜਨਗ ਧਾ- ਨ੍ਘਿੜ ਨਗਧਾ -ਨ੍ ਘਿੜਨਗ ਧਾ-, ਘਿੜਨਗ ਧਾਤਿਰਕਿਟਧਿ ਨਗਧਾਤਿਰ ਕਿਟਧਿਨਗ, ਘਿੜਨਗ ਧਾ- ਨ੍ਘਿੜ ਨਗਧਾ -ਨ੍ ਘਿੜਨਗ । ਧਾ

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ - ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal@gmail.com